# ਸੰਧੂਰਦਾਨੀ

ਗੁਰਭਜਨ ਗਿੱਲ



# ਸੰਧੂਰਦਾਨੀ

(ਰੁਬਾਈ-ਸੰਗ੍ਰਹਿ)

**ਲੇਖਕ ਦੀਆਂ ਹੋਰ ਰਚਨਾਵਾਂ :**

ਸ਼ੀਸ਼ਾ ਝੂਠ ਬੋਲਦਾ ਹੈ (ਕਾਵਿ ਸੰਗ੍ਰਹਿ) 1978, 1992, 2003, 2011
ਹਰ ਧੁਖਦਾ ਪਿੰਡ ਮੇਰਾ ਹੈ (ਕਾਵਿ ਸੰਗ੍ਰਹਿ) 1996, 2007, 2021
ਬੋਲ ਮਿੱਟੀ ਦਿਆ ਬਾਵਿਆ (ਕਾਵਿ ਸੰਗ੍ਰਹਿ) 1992, 1999, 2003, 2009
ਅਗਨ ਕਥਾ (ਕਾਵਿ ਸੰਗ੍ਰਹਿ) 2000, 2003, 2010
ਖ਼ੈਰ ਪੰਜਾਂ ਪਾਣੀਆਂ ਦੀ (ਕਾਵਿ ਸੰਗ੍ਰਹਿ) 2005, 2006, 2009, 2022
ਧਰਤੀ ਨਾਦ (ਕਾਵਿ ਸੰਗ੍ਰਹਿ) 2006, 2008
ਫੁੱਲਾਂ ਦੀ ਝਾਂਜਰ (ਗੀਤ ਸੰਗ੍ਰਹਿ) 2006, 2012, 2025
ਪਾਰਦਰਸ਼ੀ (ਕਾਵਿ ਸੰਗ੍ਰਹਿ) 2008, 2014
ਮਨ ਤੰਦੂਰ (ਕਾਵਿ ਸੰਗ੍ਰਹਿ) 2014, 2015
ਅੱਖਰ ਅੱਖਰ (ਸੰਪੂਰਨ ਗਜ਼ਲਾਂ 1973–2023) 2023, 2024
ਮੋਰ ਪੰਖ (ਗ਼ਜ਼ਲ ਸੰਗ੍ਰਹਿ) 2010, 2021
ਗੁਲਨਾਰ (ਗ਼ਜ਼ਲ ਸੰਗ੍ਰਹਿ) 2015, 2024
ਰਾਵੀ (ਗ਼ਜ਼ਲ ਸੰਗ੍ਰਹਿ) 2018, 2019
ਮਿਰਗਾਵਲੀ (ਗ਼ਜ਼ਲ ਸੰਗ੍ਰਹਿ) 2016, 2017, 2026
ਮਨ ਪਰਦੇਸੀ (ਗ਼ਜ਼ਲ ਸੰਗ੍ਰਹਿ) 2019
ਸੁਰਤਾਲ (ਗ਼ਜ਼ਲ ਸੰਗ੍ਰਹਿ) 2021
ਜਲ–ਕਣ (ਰੁਬਾਈਆਂ) 2021
ਪਿੱਪਲ ਪੱਤੀਆਂ (ਗੀਤ ਸੰਗ੍ਰਹਿ) 2022, 2026
ਚਰਖ਼ੜੀ (ਕਾਵਿ ਸੰਗ੍ਰਹਿ) 2021, 2023
ਜ਼ੇਵਰ (ਗ਼ਜ਼ਲ ਸੰਗ੍ਰਹਿ) 2025
ਤਾਰਿਆਂ ਦੀ ਗੁਜ਼ਰਗਾਹ (ਕਾਵਿ ਸੰਗ੍ਰਹਿ) 2025
ਸ਼ਬਦ ਸ਼ਬਦ (ਕਵਿਤਾਵਾਂ, ਗੀਤ ਤੇ ਰੁਬਾਈਆਂ 1973–2025) 2026
ਪੱਤੇ ਪੱਤੇ ਲਿਖੀ ਇਬਾਰਤ (ਰੁਬਾਈਆਂ) 2021 (ਤੇਜ ਪ੍ਰਤਾਪ ਸਿੰਘ ਸੰਧੂ
ਕੈਮਰੇ ਦੀ ਅੱਖ ਬੋਲਦੀ (ਸੁਚਿੱਤਰ ਵਾਰਤਕ) 1999 ਦੇ ਫ਼ੋਟੋ ਚਿੱਤਰਾਂ ਸਹਿਤ)

**ਸ਼ਾਹਮੁਖੀ ਵਿੱਚ ਪ੍ਰਕਾਸ਼ਿਤ ਸੰਗ੍ਰਹਿ**

ਖ਼ੈਰ ਪੰਜਾਂ ਪਾਣੀਆਂ ਦੀ (ਕਾਵਿ ਸੰਗ੍ਰਹਿ) 2005, 2023
ਰਾਵੀ (ਗ਼ਜ਼ਲ ਸੰਗ੍ਰਹਿ) 2019
ਸੁਰਤਾਲ (ਗ਼ਜ਼ਲ ਸੰਗ੍ਰਹਿ) 2021
ਗੁਲਨਾਰ (ਗ਼ਜ਼ਲ ਸੰਗ੍ਰਹਿ) 2023
ਮਿਰਗਾਵਲੀ (ਗ਼ਜ਼ਲ ਸੰਗ੍ਰਹਿ) 2024
ਮੇਰੇ ਪੰਜ ਦਰਿਆ (ਸੰਪੂਰਨ ਗੀਤ ਸੰਗ੍ਰਹਿ) 2025

**ਹੋਰਨਾਂ ਵੱਲੋਂ ਸੰਪਾਦਿਤ ਸੰਗ੍ਰਹਿ**

ਸੁਰਖ਼ ਸਮੁੰਦਰ (ਕਾਵਿ ਸੰਗ੍ਰਹਿ) 1992, 1994, 2000, 2022
ਦੋ ਹਰਫ਼ ਰਸੀਦੀ (ਗ਼ਜ਼ਲ ਸੰਗ੍ਰਹਿ) 1996, 2021
ਮਨ ਦੇ ਬੂਹੇ ਬਾਰੀਆਂ (ਗ਼ਜ਼ਲ ਸੰਗ੍ਰਹਿ) 2004, 2007, 2015
ਤਾਰਿਆਂ ਦੇ ਨਾਲ ਗੱਲਾਂ ਕਰਦਿਆਂ (ਗ਼ਜ਼ਲ ਸੰਗ੍ਰਹਿ) 2014, 2021 (ਦੋ ਸੰਸਕਰਣ)
ਇਤਫ਼ਾਕ (ਗ਼ਜ਼ਲ ਸੰਗ੍ਰਹਿ) 2024 (ਦੋ ਸੰਸਕਰਣ)

**ਹਿੰਦੀ**

ਆਧਾਰ ਭੂਮੀ (ਕਵਿਤਾਵਾਂ) 2022

**ਸੰਪਾਦਨ**

ਧਰਤਿ ਵੰਗਾਰੇ ਤਖ਼ਤ ਨੂੰ (ਕਿਸਾਨ ਮੋਰਚਾ 2020–21 ਬਾਰੇ ਕਵਿਤਾਵਾਂ) 2025
ਸੂਰਜ ਦੀ ਲਿਸ਼ਕੋਰ (ਲੋਕ ਕਵੀ ਪ੍ਰੀਤਮ ਦਾਸ ਠਾਕੁਰ ਦੀ ਚੋਣਵੀਂ ਕਵਿਤਾ)
ਪੰਜਾਬੀ ਬੋਲੀ: ਰਮਜ਼ਾਂ, ਰੁਕਾਵਟਾਂ ਤੇ ਰਾਹ (ਆਤਮਜੀਤ ਤੇ ਗੁਰਭਜਨ ਗਿੱਲ)

# ਸੰਪੂਰਧਾਨੀ

ਗੁਰਭਜਨ ਗਿੱਲ

ਪੰਜਾਬੀ ਲੋਕ ਵਿਰਾਸਤ ਅਕਾਦਮੀ
ਲੁਧਿਆਣਾ

# Sandhoordani
## (Collection of Rubaees)

By

© Gurbhajan Singh Gill
113-F Shaheed Bhagat Singh Nagar,
Pakhowal Road, Ludhiana, INDIA

ISBN : 978-93-5231-280-1

ਅੱਖਰਕਾਰੀ : ਇਮਰੋਜ਼

Price : Rs. 200/- (INDIA)
$ 10 US

1st Print : 2019
2rd Print : 1 May, 2026

*Distributors*
**Singh Brothers**
City Centre, Amritsar

**Chetna Parkashan**
Panjabi Bhawan, Ludhiana


**Navchetan Book Depot**
Barnala

*Printed at*
**Printwell**
146, Industrial Focal Point, Amristar
www.printwell.org

## ਸਮਰਪਣ

**ਭਾਜੀ ਪ੍ਰੋ: ਮਲਵਿੰਦਰਜੀਤ ਸਿੰਘ ਵੜੈਚ ਜੀ**

ਵੱਲੋਂ ਦਿੱਤੀ ਸਿੱਖਿਆ ਅਨੁਸਾਰ
ਉਨ੍ਹਾਂ ਥੁੜਾਂ ਮਾਰੇ,
ਕੱਚਿਆਂ ਘਰਾਂ ਦੀਆਂ ਜਾਈਆਂ
ਧੀਆਂ ਧਿਆਣੀਆਂ ਦੇ ਨਾਮ
ਜਿੰਨ੍ਹਾਂ ਦੀ ਮਾਂਗ ਸੰਧੂਰ ਨੂੰ ਤਰਸਦੀ,
ਰੀਝਾਂ ਸਣੇ ਦਮ ਤੋੜ ਜਾਂਦੀ ਹੈ।



ਰੇਖਾਂਕਣ: ਅਸੀਸ ਕੌਰ ਗਿੱਲ

**ਮੰਗਾ ਸਿੰਘ ਬਾਸੀ ਨੂੰ ਚੇਤੇ ਕਰਦਿਆਂ**

ਯਾਰ ਪਿਆਰੇ ਜਦ ਤੁਰ ਜਾਂਦੇ, ਧਰਤੀ ਸੱਖਣੀ ਕਰ ਜਾਂਦੇ ਨੇ।
ਰੂਹ ਦੇ ਛਾਲੇ ਫਿੱਸਦੇ ਮਗਰੋਂ, ਉਸ ਤੋਂ ਪਹਿਲਾਂ ਭਰ ਜਾਂਦੇ ਨੇ।
ਅਗਨ ਭੇਟ ਜਿਸਮਾਂ ਨੂੰ ਕਰੀਏ, ਜਲ ਪ੍ਰਵਾਹੀਏ ਫਿਰ ਵੀ ਜ਼ਿੰਦਾ,
ਰੂਹ ਦੀ ਨੁੱਕਰੇ ਰੋਜ਼ ਬੋਲਦੇ, ਕੌਣ ਕਹੇ ਉਹ ਮਰ ਜਾਂਦੇ ਨੇ।

*ਗੁਰਭਜਨ ਗਿੱਲ*

## ਆਦਿਕਾ

# ਸੰਧੂਰਦਾਨੀ

### ਸੂਰਜ ਦੀ ਧੁੱਪ ਤੇ ਫੁੱਲਾਂ ਦੀ ਕੋਮਲਤਾ ਦਾ ਸੁਮੇਲ

ਸੀਹਰਫ਼ੀ, ਜੰਗਨਾਮਾ, ਗ਼ਜ਼ਲ ਤੇ ਸ਼ੇਅਰ ਵਾਂਗ ਰੁਬਾਈ ਵੀ ਫ਼ਾਰਸੀ ਕਾਵਿ ਦਾ ਪ੍ਰਸਿੱਧ ਰੂਪ ਹੈ। ਰੁਬਾਈ ਇਕ ਛੰਦ ਨਹੀਂ, ਇਸ ਨੂੰ ਕਈ ਛੰਦਾਂ ਬਹਿਰਾਂ ਵਿਚ ਨਿਭਾਇਆ ਜਾਂਦਾ ਹੈ। ਇਸ ਵਿਚ ਸੰਖੇਪਤਾ ਤੇ ਡੂੰਘਿਆਈ ਵੱਲ ਤਵੱਜੋ ਦਿੱਤੀ ਜਾਂਦੀ ਹੈ। ਰੁਬਾਈ ਦੀ ਪਹਿਲੀ ਤੁਕ ਵਿਚ ਵਿਚਾਰ ਆਰੰਭ ਹੋ ਕੇ ਦੂਜੀ ਤੇ ਤੀਜੀ ਤੁਕ ਤੱਕ ਫ਼ੈਲਦਾ ਹੈ ਅਤੇ ਆਖ਼ਰ ਚੋਥੀ ਤੁਕ ਵਿਚ ਪ੍ਰਵਾਨ ਚੜ੍ਹਦਾ ਹੈ।

"ਅਰਬੀ ਭਾਸ਼ਾ ਵਿੱਚ ਰੁਬਾਈ ਦਾ ਅਰਥ ਹੈ ਚਾਰ ਅੱਖਰਾਂ ਦਾ ਸ਼ਬਦ, ਅਤੇ ਚਾਰ ਪਦਾਂ ਦਾ ਛੰਦ (ਚੌਪਦਾ) ਰੁਬਾਈ ਦੇ ਵਜ਼ਨ ਵੀ ਅਨੇਕ ਹਨ, ਪਰੰਤੂ ਜੋ ਬਹੁਤ ਹੀ ਪ੍ਰਸਿੱਧ ਭਾਈ ਨੰਦ ਲਾਲ ਜੀ ਦੀ ਰਚਨਾ ਵਿਖੇ ਆਯਾ ਹੈ, ਅਸੀਂ ਉਸ ਦਾ ਲਕਸ਼ਣ ਲਿਖਦੇ ਹਾਂ, ਚਾਰ ਚਰਣ, ਪਹਿਲੇ ਅਤੇ ਦੂਜੇ ਚਰਣ ਦੀਆਂ ਬਾਈ ਬਾਈ ਮਾਤ੍ਰਾਂ, ਤੀਜੇ ਦੀਆਂ 19, ਅਤੇ ਚੌਥੇ ਚਰਣ ਦੀਆਂ 20 ਮਾਤ੍ਰਾ, ਅੰਤ ਸਭ ਦਾ ਲਘੂ। ਪਹਿਲੀ ਦੂਜੀ ਅਤੇ ਚੌਥੀ ਤੁਕ ਦਾ ਅਨੁਪ੍ਰਾਸ ਮਿਲਦਾ ਹੋਯਾ, ਉਦਾਹਰਣ:

*ਹਰ ਕਸ ਕਿਜ਼ ਸ਼ੌਕੇ ਤੋ ਕਦਮ ਅਜ਼ ਸਰਤਾਖ਼ੂ,*
*ਬਰ ਨਹ ਤਬਕ ਚਰਖ਼ ਅਲਮ ਬਰ ਸਰਾਤਾਖ਼ੂ*
*ਸ਼ੁਦ ਆਮਦਨ ਮੁਬਾਰਕ ਵ ਰ.ਫ਼ਤਨ ਸਰਾਤਖ਼ੂ,*
*ਗੋਯਾ ਆਂ ਕਸ ਕਿ ਰਾਹੇ ਹਕ ਬ ਸ਼ਨਾਖ਼ੂ।"*

(ਭਾਈ ਕਾਨ੍ਹ ਸਿੰਘ ਨਾਭਾ, ਗੁਰ ਛੰਦ ਦਿਵਾਕਰ, ਪੰਨਾ 302)

"'ਰੁਬਾਈ ਅਤਿ ਲਘੂ ਕਾਵਿ-ਰੂਪਕਾਰ ਹੈ। ਇਸੇ ਕਾਰਨ ਇਸ ਦੀ ਸੰਰਚਨਾ ਬੜੀ ਸੁਗਠਿਤ ਬਣ ਜਾਂਦੀ ਹੈ। ਇਸ ਚੌਤੁਕੀ ਸੰਰਚਨਾ ਦੇ ਅਗੋਂ ਭਾਗ ਕਰਨੇ ਮੁਸ਼ਕਿਲ ਜਾਪਦੇ ਹਨ ਪਰ ਇਸ ਦੀ ਲਘੂਤਾ ਵਿਚ ਵੀ ਇਕ ਕ੍ਰਮ-ਵਿਵਸਥਾ ਦੇਖੀ ਜਾ ਸਕਦੀ ਹੈ। ਇਸ ਰੂਪਕਾਰ ਦੀ ਲਘੂ ਸੰਰਚਨਾ ਨੂੰ ਸੁਭਾਵਕ ਹੀ ਦੋ ਅੰਗਾਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲਾ ਅੰਗ, ਪਹਿਲੀਆਂ ਦੋ ਤੁਕਾਂ ਦਾ ਹੋ ਸਕਦਾ ਹੈ, ਜਿਨ੍ਹਾਂ ਵਿਚ ਵਰਣਨ ਗੋਚਰੇ ਵਾਤਾਵਰਣ ਦਾ ਚਿਤਰਣ ਕੀਤਾ ਜਾਂਦਾ ਹੈ। ਦੂਜਾ ਅੰਗ ਮਗਰਲੀਆਂ ਤੁਕਾਂ ਦਾ ਹੋ ਸਕਦਾ ਹੈ, ਜਿਹੜੀਆਂ ਸਾਰੰਸ਼ ਰੂਪ ਵਿਚ ਕਿਸੇ ਵਿਚਾਰ ਨੂੰ ਸੁਝਾਉਂਦੀਆਂ ਹਨ।

ਰੁਬਾਈ ਦੀ ਪ੍ਰਾਕਿਰਤਕ ਸੰਰਚਨਾ ਵਿਚ ਪਹਿਲੀ ਨਾਲੋਂ ਦੂਜੀ, ਦੂਜੀ ਨਾਲੋਂ ਤੀਜੀ, ਅਤੇ ਤੀਜੀ ਨਾਲੋਂ ਚੌਥੀ ਪੰਕਤੀ ਉਤਰੋਤਰ ਵਿਕਾਸ ਕਰਦੀ ਜਾਂਦੀ ਹੈ। ਅਖ਼ੀਰਲੀ ਪੰਕਤੀ ਇਕ ਸਾਰ ਗਰਭਿਤ ਪ੍ਰਭਾਵ ਪਾਉਂਦੀ ਹੋਈ ਮੁੱਕਦੀ ਹੈ। ਇਸ ਤਰ੍ਹਾਂ ਪਹਿਲੀਆਂ ਦੋ

ਪੰਕਤੀਆਂ ਆਮ ਤੌਰ ਤੇ ਆਦਿਕਾ ਦਾ ਕਾਰਜ ਕਰਦੀਆਂ ਹਨ ਅਤੇ ਮਗਰਲੀਆਂ ਦੋ ਪੰਕਤੀਆਂ ਅੰਤਿਕਾ (ਸਾਰੰਸ਼ ) ਦਾ। ਸੋ ਰੁਬਾਈ ਦੀ ਰਚਨਾ 2/2 ਪੰਕਤੀਆਂ ਦੇ ਜੋਟਿਆਂ ਵਿਚ ਵੰਡੀ ਹੋਈ ਨਜ਼ਰ ਆਉਂਦੀ ਹੈ। "

(ਸਤਿੰਦਰ ਸਿੰਘ, ਆਧੁਨਿਕ ਪੰਜਾਬੀ ਕਾਵਿ ਰੂਪ ਅਧਿਐਨ,

ਭਾਈ ਕਾਨ੍ਹ ਸਿੰਘ ਨਾਭਾ ਜੀ ਅਤੇ ਸਤਿੰਦਰ ਸਿੰਘ ਜੀ ਦੁਆਰਾ ਦਿੱਤੇ ਗਏ ਉਪਰੋਕਤ ਦੋਵੇਂ ਹਵਾਲਿਆਂ ਤੋਂ ਰੁਬਾਈ ਕਾਵਿ-ਵਿਧਾ ਦੀ ਪਰਿਭਾਸ਼ਾ ਅਤੇ ਕਾਵਿ ਰੂਪ ਦੇ ਵਿਸ਼ਲੇਸ਼ਣੀ ਸਰੋਕਾਰਾਂ ਦਾ ਭਲੀਭਾਂਤ ਰੂਪ ਉਜਾਗਰ ਹੋ ਜਾਂਦਾ ਹੈ।

ਫਾਰਸੀ ਕਵੀ ਉਮਰ ਖ਼ਯਾਮ ਦੀ ਉਹ ਰਚਨਾ ਜੋ ਰੁਬਾਈਆਂ ਦੇ ਰੂਪ ਵਿਚ ਸਾਡੇ ਤੀਕ ਪਹੁੰਚੀ ਹੈ, ਬਾਕੀ ਦੇ ਸੂਫ਼ੀ ਕਵੀਆਂ ਦੀ ਰਚਨਾ ਵਾਂਗ ਉਸ ਵਿਚ ਵੀ ਬਹੁਤ ਸਾਰਾ ਹਿੱਸਾ ਉਹਨਾਂ ਲੋਕਾਂ ਦੀ ਕਿਰਤ ਹੈ, ਜਿਨ੍ਹਾਂ ਨੇ ਉਮਰ ਖ਼ਯਾਮ ਦੇ ਨਾਮ ਉਤੇ ਰੁਬਾਈਆਂ ਲਿਖੀਆਂ ਤੇ ਪਿਛੋਂ ਉਹ ਰੁਬਾਈਆਂ ਉਮਰ ਖ਼ਯਾਮ ਦੀ ਰਚਨਾ ਹੀ ਸਮਝ ਲਈਆਂ ਗਈਆਂ। ਬ੍ਰਿਟਿਸ਼ ਮਿਊਜ਼ੀਅਮ ਵਿਚ ਖ਼ਯਾਮ ਦੀਆਂ ਰੁਬਾਈਆਂ ਦਾ ਜਿਹੜਾ ਹੱਥ ਲਿਖੀ ਉਤਾਰਾ ਹੈ, ਉਹ 1060 ਈਸਵੀ ਵਿਚ ਸ਼ੇਖ਼ ਸਾਅਦੀ ਦੇ ਜਨਮ ਨਗਰ ਸ਼ੀਰਾਜ਼ ਵਿਚ ਲਿਖਿਆ ਗਿਆ ਆਖਿਆ ਜਾਂਦਾ ਹੈ। ਏਸ ਉਤਾਰੇ ਵਿਚ ਸਿਰਫ਼ 158 ਰੁਬਾਈਆਂ ਹਨ ਅਤੇ ਐਉਂ ਜਾਪਦਾ ਹੈ ਕਿ 'ਫਿਟਜ਼ ਜੇਰਲਡ' ਤੇ ਹੋਰ ਅੰਗ੍ਰੇਜ਼ ਉਲਥਾਕਾਰਾਂ ਨੇ ਵਧੀਕ ਕਰਕੇ ਓਸ ਉਤਾਰੇ ਦੀਆਂ ਰੁਬਾਈਆਂ ਦਾ ਤਰਜਮਾ ਹੀ ਕੀਤਾ ਹੈ। ਏਸ਼ੀਆਟਿਕ ਸੁਸਾਇਟੀ ਕਲਕੱਤਾ ਦੀ ਲਾਇਬਰੇਰੀ ਵਿਚ ਰੁਬਾਈਆਂ ਦਾ ਜਿਹੜਾ ਉਤਾਰਾ ਮੌਜੂਦ ਹੈ, ਓਸ ਵਿਚ 516 ਰੁਬਾਈਆਂ ਦਿਤੀਆਂ ਗਈਆਂ ਹਨ।

ਜਿਹੜਾ ਉਤਾਰਾ ਪ੍ਰਸਿੱਧ ਜਰਮਨ ਵਿਦਵਾਨ 'ਵਨ ਹੈਮਰ' ਦੇ ਪਾਸ ਹੈ, ਓਸ ਵਿਚ ਦਰਜ ਰੁਬਾਈਆਂ ਦੀ ਗਿਣਤੀ ਲਗ ਪਗ 200 ਦੱਸੀ ਜਾਂਦੀ ਹੈ।"

(ਅਵਤਾਰ ਸਿੰਘ, ਖ਼ੱਯਾਮ ਖ਼ੁਮਾਰੀ, ਭਾਪੇ ਦੀ ਹੱਟੀ ਰਜਿਸਟਰਡ ਪੁਸਤਕਾਂ ਵਾਲੇ)

ਅਵਤਾਰ ਸਿੰਘ ਵਲੋਂ ਅਨੁਵਾਦਿਤ ਉਮਰ ਖਯਾਮ ਦੀਆਂ ਰੁਬਾਈਆਂ ਦੇ ਇਸ ਗਿਣਾਤਮਿਕ ਹਵਾਲੇ ਤੋਂ ਜ਼ਾਹਰ ਹੁੰਦਾ ਹੈ ਕਿ ਰੁਬਾਈ ਉਮਰ ਖਯਾਮ ਤੋਂ ਪ੍ਰਭਾਵਿਤ ਹੋ ਕੇ ਫ਼ਾਰਸੀ ਪਰੰਪਰਾ ਵਿਚ ਪ੍ਰਚਲਿਤ ਹੋਈ ਜਿਸ ਨੂੰ ਕਾਵਿ ਰੂਪ ਵਜੋਂ ਅਪਣਾ ਲਿਆ ਗਿਆ। ਉਮਰ ਖ਼ਯਾਮ, ਸਰਮਦ, ਸ਼ੇਖ ਸਾਅਦੀ ਅਤੇ ਹਾਫ਼ਜ਼ ਸ਼ੀਰਾਜ਼ੀ ਵਲੋਂ ਰਚੀਆਂ ਗਈਆਂ ਰੁਬਾਈਆਂ ਦੇ ਪ੍ਰਭਾਵ ਵਜੋਂ ਬਾਅਦ ਵਿਚ ਪੰਜਾਬੀ ਕਾਵਿ-ਖੇਤਰ ਵਿਚ ਰੁਬਾਈ ਦੀ ਆਮਦ ਹੋਈ।

ਰੁਬਾਈ ਮੂਲ ਰੂਪ ਵਿਚ ਫ਼ਾਰਸੀ ਕਾਵਿ-ਰੂਪ ਹੈ, ਜੋ ਹੋਰਨਾਂ ਕਾਵਿ-ਰੂਪਾਂ ਵਾਂਗ ਪੰਜਾਬੀ ਵਿਚ ਪ੍ਰਚਲਿਤ ਹੋਇਆ। ਆਧੁਨਿਕ ਕਵੀਆਂ ਨੇ ਰੁਬਾਈ ਨੂੰ 'ਚੌਬਰਗੇ' ਦਾ ਨਾਮ ਵੀ ਦਿੱਤਾ ਹੈ।

ਪੰਜਾਬੀ ਵਿਚ ਰੁਬਾਈ ਦਾ ਇਤਿਹਾਸ ਭਾਈ ਵੀਰ ਸਿੰਘ 'ਕੰਬਦੀ ਕਲਾਈ', 'ਮੇਰੇ ਸਾਈਆਂ ਜੀਓ', ਧਨੀ ਰਾਮ ਚਾਤ੍ਰਿਕ 'ਚੰਦਨਵਾੜੀ', ਪ੍ਰੋ. ਮੋਹਨ ਸਿੰਘ, 'ਸਾਵੇ ਪੱਤਰ' ਤੇ

'ਕਚ ਸੱਚ', ਹੀਰਾ ਸਿੰਘ ਦਰਦ ਦੇ 'ਹੋਰ ਅਗੇਰੇ', ਪਿਆਰਾ ਸਿੰਘ ਸਹਿਰਾਈ ਦੇ 'ਰੁਣਝੁਣ', 'ਸਹਿਰਾਈ ਪੰਛੀ', ਤਖ਼ਤ ਸਿੰਘ ਦੇ 'ਕਾਵਿ ਹਿਲੂਣੇ', ਗੁਰਦਿੱਤ ਸਿੰਘ ਕੁੰਦਨ ਦੇ 'ਨਵੇਂ ਪੱਤਣ', ਹਜ਼ਾਰਾ ਸਿੰਘ ਗੁਰਦਾਸਪੁਰੀ ਦੇ 'ਦੀਵਾ ਮੁੜਕੇ ਕੋਈ ਜਗਾਵੇ', ਬਿਸ਼ਨ ਸਿੰਘ ਉਪਾਸ਼ਕ ਦੇ 'ਸੂਹਾ ਸਾਲੂ' ਅਤੇ ਜਸਵੰਤ ਸਿੰਘ ਨੇਕੀ ਦੇ 'ਅਸਲੇ ਤੇ ਓਹਲੇ' ਆਦਿ ਕਾਵਿ ਸੰਗ੍ਰਿਹਾਂ ਵਿਚਲੀਆਂ ਰੁਬਾਈਆਂ ਤੋਂ ਜਾਣਿਆ ਜਾ ਸਕਦਾ ਹੈ। ਇਹਨਾਂ ਕਵੀਆਂ ਤੋਂ ਇਲਾਵਾ ਵੀ ਵਿੱਕੋਲਿਤਰੇ ਰੂਪ ਵਿਚ ਭਾਵੇਂ ਹੋਰ ਕਈ ਕਵੀਆਂ ਵਲੋਂ ਵੀ ਰੁਬਾਈ ਦੀ ਰਚਨਾ ਜਾਰੀ ਰਹੀ ਜਿਸ ਨੂੰ ਭਰਵੇਂ ਰੂਪ ਵਿਚ ਮਕਬੂਲੀਅਤ ਹਾਸਲ ਨਹੀਂ ਹੋ ਸਕੀ।

ਗੁਰਭਜਨ ਗਿੱਲ ਦੇ ਰੁਬਾਈ ਸੰਗ੍ਰਹਿ "ਸੰਧੂਰਦਾਨੀ" ਵਿਚ 'ਸੂਰਜ', 'ਫੁੱਲ' ਚਿਹਨ ਵਾਰ ਵਾਰ ਵਰਤੇ ਗਏ ਹਨ। ਸੂਰਜ ਕੁੱਲ ਬਨਸਪਤੀ ਤੇ ਸਾਡੀ ਜ਼ਿੰਦਗੀ ਦਾ ਧੁਰਾ ਹੈ, ਫੁੱਲ ਸੁੰਦਰਤਾ ਦਾ ਆਸ਼ਾਵਾਦੀ ਤੇ ਕੋਮਲਭਾਵੀ ਇਜ਼ਹਾਰ ਹਨ।

ਗੁਰਭਜਨ ਗਿੱਲ ਦੀ "ਸੰਧੂਰਦਾਨੀ" ਵਿਚ ਇਹ ਰੰਗ ਆਪਸ ਵਿਚ ਘੁਲ ਮਿਲ ਕੇ ਸੰਧੂਰੀ ਹੋ ਜਾਂਦੇ ਹਨ। ਉਸਦੀ ਹਰ ਪੰਕਤੀ ਚਿੰਤਨ ਦੀ ਲੋਅ ਨਾਲ ਜਗਮਗਾਉਂਦੀ ਸੂਰਜ ਦੀ ਹਮਸਫ਼ਰ ਹੁੰਦੀ ਫੁੱਲਾਂ ਜਿਹੇ ਕੋਮਲ ਭਾਵਾਂ ਨਾਲ ਸ਼ਬਦਾਂ ਦੀ ਸਲਾਮਤੀ ਮੰਗਦੀ ਹੈ। ਇਹ ਸ਼ਾਇਰੀ ਸਾਡੇ ਸਨਮੁਖ ਕਈ ਸਵਾਲੀਆਂ ਨਿਸ਼ਾਨ ਖੜ੍ਹੇ ਕਰਦੀ ਤੇ ਸਾਰਥਕ ਸੰਵਾਦ ਰਚਾਉਂਦੀ ਹੈ। ਆਪਣੇ ਕਾਵਿ-ਕਥਨ ਨੂੰ ਉਹ ਇਸ ਤਰ੍ਹਾਂ ਜ਼ੁਬਾਨ ਦਿੰਦਾ ਹੈ:

*ਥੋੜ੍ਹ-ਜ਼ਮੀਨੇ ਜੱਟ ਦਾ ਪੁੱਤ ਸਾਂ, ਇੱਕੋ ਨਸ਼ਾ ਉਡਾਈ ਫਿਰਦਾ।*
*ਸ਼ਬਦ ਸਲਾਮਤ ਰੱਖਣ ਖ਼ਾਤਰ, ਕਵਿਤਾ ਲਿਖਦਾਂ ਕਾਫ਼ੀ ਚਿਰ ਦਾ।*
*ਹੋਰ ਨਸ਼ੇ ਦੀ ਲੋੜ ਨਾ ਕੋਈ, ਮੇਰੇ ਪੱਲੇ ਕਿੰਨੀ ਸ਼ਕਤੀ,*
*ਲੱਖੀ ਜੰਗਲ ਬਣਦੇ ਆਪੇ, ਲੋਕ ਪਿਆਰੇ ਤੇ ਚੌਗਿਰਦਾ।*

ਉਹਦੇ ਰਾਹਾਂ ਵਿਚਲੇ ਲੱਖੀ ਜੰਗਲ ਤੇ ਉਸਦਾ ਚੌਗਿਰਦਾ ਲੋਕ ਬਣਦੇ ਹਨ।

ਗੁਰਭਜਨ ਗਿੱਲ ਵਿਭਿੰਨ ਕਾਵਿ-ਰੂਪਾਂ ਵਿਚ ਰਚਨਾ ਕਰਨ ਵਾਲਾ ਸਰੋਦੀ ਕਵੀ ਹੈ। ਇਹਨਾਂ ਰੁਬਾਈਆਂ ਵਿਚ ਲੋਕ-ਕਾਵਿ ਦੀ ਲੈਅਮਈ ਪੈੜਚਾਲ ਵੀ ਪ੍ਰਤੱਖ ਹੁੰਦੀ ਹੈ।

*ਉੱਡ ਉੱਡ ਚਿੜੀਏ ਨੀ, ਤੂੰ ਬਹਿ ਗਈ ਟਾਹਣੀ।*
*ਅੰਬਰ ਵਿਚ ਪਹੁੰਚ ਗਏ, ਸਭ ਤੇਰੇ ਹਾਣੀ।*
*ਖੰਭਾਂ ਨੂੰ ਤੁਰਤ ਜਗਾ ਤੇ ਫੁਰਤੀ ਫੜ ਲੈ,*
*ਬੈਠੀ ਤਾਂ ਬਣ ਜਾਣਾ, ਤੇਰੇ ਖ਼ੂਨ ਦਾ ਪਾਣੀ।*

ਉਸ ਦਾ ਠੇਠ ਪੰਜਾਬੀ ਲਹਿਜ਼ਾ ਉਸ ਦੀ ਕਾਵਿਕ ਰਵਾਨੀ ਨੂੰ ਹੋਰ ਵੀ ਵੇਗਮਈ ਬਣਾ ਦਿੰਦਾ ਹੈ। ਉਸਦੀਆਂ ਰੁਬਾਈਆਂ ਵਿਚ ਵਿਭਿੰਨ ਰੰਗਾਂ ਦੇ ਕੋਲਾਜ ਬਣਦੇ ਹਨ। ਲੋਕ-ਕਾਵਿ ਤੋਂ ਲੈ ਕੇ ਮੌਜੂਦਾ ਦੌਰ ਦੇ ਹਰ ਮਸਲੇ ਨੂੰ ਉਸ ਨੇ ਆਪਣੀਆਂ ਰੁਬਾਈਆਂ ਦੇ ਰੰਗ ਵਿਚ ਘੋਲਿਆ ਹੋਇਆ ਹੈ। ਕਿਸਾਨ ਦੀ ਮੌਜੂਦਾ ਸਥਿਤੀ ਨੂੰ ਵੇਖੋ ਕਿਸ ਅੰਦਾਜ਼ ਵਿਚ ਬਿਆਨਿਆ ਹੈ:

*ਮੇਰਾ ਹੈ ਵਡੇਰਾ ਇਹ ਜੋ ਗੱਡੇ 'ਤੇ ਸਵਾਰ ਹੈ।*
*ਖੇਤਾਂ ਵਾਲਾ ਰਾਜਾ ਹੋ ਕੇ, ਬੜਾ ਅਵਾਜ਼ਾਰ ਹੈ।*
*ਦਾਣਿਆਂ ਦੀ ਮੰਡੀ ਹੁਣ ਟੱਬਰ ਨਾ ਪਾਲਦੀ,*
*ਕਰਜ਼ੇ ਦੀ ਪੰਡ ਵੱਡੀ ਸਿਰ 'ਤੇ ਸਵਾਰ ਹੈ।*

ਇਹਨਾਂ ਚਾਰ ਸਤਰਾਂ ਵਿਚ ਕਵੀ ਨੇ ਪੰਜਾਬ ਦੀ ਕਿਰਸਾਣੀ ਤੇ ਉਸ ਦੇ ਕਰਜ਼ਾਈ ਹੋ ਕੇ ਵਿਚਰਨ ਦੀ ਹਾਲਤ ਨੂੰ ਸੰਖੇਪ ਵਿਚ ਉਜਾਗਰ ਕਰ ਦਿੱਤਾ ਹੈ।

ਔਰਤ ਦੇ ਕੁਦਰਤੀ ਸੌਂਦਰਯ ਨੂੰ ਉਸ ਨੇ ਆਦਰਯੋਗ ਥਾਂ ਦਿੱਤੀ ਹੈ। ਉਹ ਧੀਆਂ-ਧਿਆਣੀਆਂ ਲਈ 'ਹਾਅ ਦਾ ਨਾਅਰਾ' ਮਾਰਦਾ ਹੈ। ਰੁੱਖਾਂ, ਕੁੱਖਾਂ ਤੇ ਜ਼ਿੰਦਗੀ ਦੇ ਦੁੱਖਾਂ-ਸੁੱਖਾਂ ਨੂੰ ਉਹ ਆਸਵੰਤ ਹੋ ਕੇ ਦੇਖਦਾ ਹੈ ਅਤੇ ਹਨੇਰਿਆਂ ਵਿਚ ਜੁਗਨੂੰ ਟਿਮਟਾਉਂਦੇ ਹੋਏ ਦਿਖਾ ਕੇ ਚਾਨਣ ਦੀ ਬਾਂਹ ਫੜਦਾ ਹੈ। ਧਰਤੀ ਤੇ ਮਾਂ-ਬੋਲੀ ਪ੍ਰਤੀ ਹਮੇਸ਼ਾ ਦੇਣਦਾਰ ਵਾਂਗ ਨਿਮਰ ਰਹਿੰਦਾ ਹੈ। ਤਿੰਨਾਂ ਮਾਂਵਾਂ ਦਾ ਸਾਂਝਾ ਦੁੱਖ ਇਸ ਰੁਬਾਈ ਵਿਚੋਂ ਝਲਕਦਾ ਵੇਖੋ:

*ਜੰਮਣਹਾਰੀ ਵਾਂਗਰਾਂ ਧਰਤੀ ਮਾਂ ਦਾ ਹਾਲ।*
*ਮਾਂ-ਬੋਲੀ ਦਾ ਹੋ ਗਿਆ ਇਸ ਤੋਂ ਮੰਦੜਾ ਹਾਲ।*
*ਤਿੰਨੇ ਬਹਿ ਕੇ ਝੁਰਦੀਆਂ ਸ਼ਾਮ ਢਲੇ ਤੋਂ ਬਾਦ,*
*ਪੁੱਤ ਕਿਉਂ ਨਹੀਂ ਪੁੱਛਦੇ ਆ ਕੇ ਸਾਡਾ ਹਾਲ।*

ਇਸੇ ਤਰ੍ਹਾਂ ਇਕ ਹੋਰ ਰੁਬਾਈ ਵਿਚ ਉਹ ਸਾਹਾਂ ਜਿਹੇ ਪਿਆਰਿਆਂ ਨੂੰ ਧਰਤੀ, ਮਾਂ-ਬੋਲੀ ਅਤੇ ਜਨਣਹਾਰੀ ਨੂੰ ਹਮੇਸ਼ਾ ਅੰਗ-ਸੰਗ ਰੱਖਣ ਦੀ ਤਾਕੀਦ ਕਰਦਾ ਹੈ। ਨਿਮਨ ਰੁਬਾਈ ਵਿਚ ਉਸ ਨੇ ਫੁੱਲਾਂ ਦੀ ਸੰਭਾਲ ਪ੍ਰਤੀ ਜ਼ਿੰਮੇਵਾਰੀ ਅਤੇ ਧਰਤੀ, ਜ਼ੁਬਾਨ ਅਤੇ ਜੰਮਣਹਾਰੀ ਜਣਨੀ ਨੂੰ ਵਿਸਾਰਨ ਦਾ ਸੰਤਾਪ ਬਿਆਨਿਆ ਹੈ:

*ਫੁੱਲਾਂ ਦੀ ਸੰਭਾਲ ਵੀ ਤਾਂ ਸਾਡੀ ਜ਼ਿੰਮੇਵਾਰੀ ਹੈ।*
*ਘਰ ਵਿਚ ਲਾਈ ਜੇ ਗ਼ੁਲਾਬ ਦੀ ਕਿਆਰੀ ਹੈ।*
*ਏਸ ਦਾ ਖ਼ਿਆਲ ਕਰੂ ਕੌਣ ਹੁਣ ਮਾਲਕੋ!*
*ਧਰਤੀ, ਜ਼ਬਾਨ, ਤੁਸੀਂ ਜਣਨੀ ਵਿਸਾਰੀ ਹੈ।*

ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀਆਂ ਕਸਕਾਂ ਪੰਜਾਬੀ ਵਿਰਸੇ ਤੇ ਸਭਿਆਚਾਰ ਪ੍ਰਤੀ ਹੂਕ ਸਮੇਤ ਉਸਦੀ ਸਮੁੱਚੀ ਰਚਨਾ ਵਿਚੋਂ ਸੁਣਾਈ ਦਿੰਦੀਆਂ ਹਨ। ਉਹ ਰੀਝਾਂ ਦੀ ਫੁਲਕਾਰੀ 'ਤੇ ਸ਼ਬਦਾਂ ਦੇ ਫੁੱਲ ਵੇਖਦਾ ਹੋਇਆ ਆਪਣੇ ਦਿਲ ਦੀ ਆਵਾਜ਼ ਨੂੰ ਸ਼ਬਦਾਂ ਰਾਹੀਂ ਸਲਾਮਤ ਕਰਦਾ ਹੈ। ਦਰਅਸਲ ਉਸ ਕੋਲ ਫੁੱਲਾਂ ਵਰਗੇ ਸ਼ਬਦ ਹਨ ਜਿਨ੍ਹਾਂ ਨੂੰ ਉਹ ਸਾਰਿਆਂ ਨੂੰ ਵੰਡ ਕੇ ਧਰਤੀ ਤੋਂ ਉਦਾਸੀਆਂ ਦਾ ਖ਼ਾਤਮਾ ਕਰਨਾ ਚਾਹੁੰਦਾ ਹੈ:

*ਏਨੇ ਸਾਰੇ ਫੁੱਲ ਮੇਰੀ ਝੋਲੀ ਪਰਮਾਤਮਾ।*
*ਕਿਵੇਂ ਸ਼ੁਕਰਾਨਾ ਕਰੇ ਤੇਰਾ ਮੇਰੀ ਆਤਮਾ।*
*ਇੱਕ ਇੱਕ ਫੁੱਲ ਮੈਂ ਤਾਂ ਵੰਡ ਦੇਵਾਂ ਸਭ ਨੂੰ,*
*ਧਰਤੀ ਤੋਂ ਕਰਨਾ ਉਦਾਸੀਆਂ ਦਾ ਖ਼ਾਤਮਾ।*

ਉਹ ਸਿਆਸਤ ਦੀ ਕੂਟਨੀਤੀ ਨੂੰ ਨਕਾਰਦਾ ਹੈ ਅਤੇ ਪੰਜਾਬ ਦੇ ਪੰਜਾਬੀ ਸਭਿਆਚਾਰ ਨਾਲ ਪਕੇਰੀ ਸਾਂਝ ਦਾ ਮੁਦੱਈ ਹੈ। ਉਸਦੀ ਸ਼ਬਦਾਵਲੀ ਵਿਭਿੰਨ ਸੋਮਿਆਂ ਤੋਂ 'ਸੰਧੂਰਦਾਨੀ' ਵਿਚ ਸ਼ੁਮਾਰ ਹੁੰਦੀ ਹੈ। 'ਵਾਰ' ਜਿਹਾ ਬੀਰ-ਰੰਗ ਇਸ ਰੁਬਾਈ ਦੇ ਤੇਵਰਾਂ ਵਿਚੋਂ ਰੂਪਮਾਨ ਹੁੰਦਾ ਹੈ:

*ਚੜ੍ਹਿਆ ਬਾਬਾ ਦੀਪ ਸਿੰਘ ਹੱਥ ਖੰਡਾ ਫੜ ਕੇ।*
*ਆਹੂ ਲਾਹੇ ਵੈਰੀਆਂ ਦੇ ਪਿੱਛੇ ਚੜ੍ਹ ਕੇ।*
*ਸੀਸ ਤਲੀ 'ਤੇ ਧਰ ਲਿਆ ਯੋਧੇ ਬਲਕਾਰੀ,*
*ਲਿਸ਼ਕ ਰਹੀ ਸ਼ਮਸ਼ੀਰ ਸੀ ਜਿਉਂ ਬਿਜਲੀ ਕੜਕੇ।*

ਪੰਜਾਬ ਦੀ ਲੋਕ ਗਾਇਕੀ ਨੂੰ ਉਹ ਤਹਿ ਦਿਲੋਂ ਮਾਣ ਦਿੰਦਾ ਹੈ ਤੇ ਅਜਿਹੇ ਸਿਤਾਰਿਆਂ ਲਈ ਹਮੇਸ਼ਾਂ ਅਕੀਦਤ ਦੇ ਬੋਲ ਭੇਂਟ ਕਰਦਾ ਹੈ ਉਹ ਚਾਹੇ ਏਧਰਲੇ ਪੰਜਾਬ ਦੇ ਹੋਣ ਜਾਂ ਓਧਰਲੇ ਪੰਜਾਬ ਦੇ।

*ਯਮਲਾ ਜੱਟ ਤੇ ਆਲਮ ਮਿਲ ਗਏ ਸੱਤ ਸਮੁੰਦਰ ਪਾਰ।*
*ਸੁਰ ਸਹਿਜ਼ਾਦੇ, ਧਰਮੀ ਪੁੱਤਰ, ਮਿਲੇ ਸੀ ਪਹਿਲੀ ਵਾਰ।*
*ਪੁੱਛਿਆ ਯਮਲੇ, ਦੱਸ ਲੋਹਾਰਾ, ਸਿਆਲਕੋਟ ਦਾ ਕਿੱਸਾ,*
*ਆਲਮ ਅਗੋਂ ਹੱਸ ਕਿਹਾ, ਤੂੰ ਪੁੱਛ ਨਾ ਮੈਨੂੰ ਯਾਰ।*

ਗੁਰਭਜਨ ਗਿੱਲ ਇਹ ਅਹਿਸਾਸ ਕਰਵਾਉਂਦਾ ਹੈ ਕਿ ਇਹ ਮੁਲਕਾਂ ਦੇ ਟੋਟੇ ਤੇ ਸਰਹੱਦਾਂ ਦੀਆਂ ਦੂਰੀਆਂ ਹਿੰਦੁਸਤਾਨ ਦੇ ਖ਼ੁਦਗਰਜ਼ੀ ਭਰੇ ਨੇਤਾਵਾਂ ਦੀ ਬਦ ਰਾਜਨੀਤੀ ਨੇ ਪਾਈਆਂ ਹਨ।

ਪੰਜਾਬ ਦੀ ਨੌਜਵਾਨੀ ਨੂੰ ਉਹ ਨਸ਼ਿਆਂ ਤੋਂ ਬਚਣ ਅਤੇ ਆਪਣੇ ਸਾਹਿੱਤਕ ਤੇ ਸਭਿਆਚਾਰਕ ਵਿਰਸੇ ਨਾਲ ਜੋੜਨ ਹਿਤ ਕੁਝ ਇਸ ਤਰ੍ਹਾਂ ਦੀ ਫਿਟਕਾਰ ਪਾਉਂਦਾ ਹੈ:

*ਜਿਸ ਧਰਤੀ ਨੂੰ ਵਿਸਰ ਜਾਂਦੇ ਆਪਣੇ ਲੋਕ ਲਿਖਾਰੀ।*
*ਰੋਕ ਨਹੀਂ ਸਕਦਾ ਫਿਰ ਕੋਈ, ਰੁੱਖਾਂ ਦੇ ਮੁੱਢ ਆਰੀ।*
*ਨਾਨਕ ਸਿੰਘ, ਗੁਰਬਖਸ਼ ਪ੍ਰੀਤੀ-ਡੋਰਾਂ ਜੋੜਨਹਾਰੇ,*
*ਭੁੱਲ ਭੁਲਾ ਗਏ ਪੁੱਤਰ ਧੀਆਂ, ਮੱਤ ਗਈ ਹੈ ਮਾਰੀ।*

ਆਪਣੇ ਬਜ਼ੁਰਗਾਂ ਪ੍ਰਤੀ ਸਤਿਕਾਰ ਅਤੇ ਆਉਣ ਵਾਲੀਆਂ ਨਸਲਾਂ ਪ੍ਰਤੀ ਜ਼ਿੰਮੇਵਾਰੀ ਦਾ ਉਸ ਨੂੰ ਪੂਰਾ-ਪੂਰਾ ਅਹਿਸਾਸ ਹੈ। ਰੁੱਖਾਂ ਦੀ ਜੀਰਾਂਦ ਨੂੰ ਉਹ ਸੂਫ਼ੀਆਂ ਵਾਂਗ ਪਿਆਰ ਕਰਦਾ ਹੈ।

"ਸੰਧੂਰਦਾਨੀ" ਵਿਚ ਉਸ ਨੇ ਆਪਣੀ ਕਾਵਿਕ ਸਮਰੱਥਾ ਦਾ ਇਕ ਹੋਰ ਪਾਸਾਰ ਦ੍ਰਿਸ਼ਟਮਾਨ ਕਰਵਾਇਆ ਹੈ। ਕਵੀ ਫੁੱਲਾਂ ਵਿਚੋਂ ਕੇਵਲ ਸੁਖ਼ਨ-ਸੁਨੇਹੇ ਹੀ ਨਹੀਂ ਪੜ੍ਹਦਾ ਸਗੋਂ ਸਾਡੇ ਤੀਕ ਪਹੁੰਚਾਉਂਦਾ ਵੀ ਹੈ। ਉਹਦੀ ਕਵਿਤਾ ਵਿਚ ਫੁੱਲ ਸੰਖ ਵਜਾਉਂਦੇ ਪ੍ਰਤੀਤ ਹੁੰਦੇ ਨੇ। ਉਸਦੀ ਸ਼ਾਇਰੀ ਫੁੱਲਾਂ ਦੀ ਮਹਿਕ ਵਾਂਗ ਤੇ ਗੁਲਕੰਦ ਦੇ ਸਵਾਦ ਵਾਂਗ ਤੁਹਾਡੇ ਅੰਗ-ਸੰਗ ਰਹਿੰਦੀ ਤੇ ਨਾਲ-ਨਾਲ ਤੁਰਦੀ ਹੈ। ਜ਼ਰਾ ਆਪਣੇ ਦਿਲਾਂ 'ਚ ਝਾਤੀ ਮਾਰ ਵੇਖੋ:

*ਵੇਖੋ, ਮਹਿਮਾਨ ਬਣ ਖਿੜੇ ਫੁੱਲ ਆਏ ਨੇ।*
*ਸੁਪਨੇ ਹੁਸੀਨ ਵੀ ਇਹ ਨਾਲ ਲੈ ਕੇ ਆਏ ਨੇ।*
*ਸੂਰਜੇ ਦੀ ਜਾਪਦੈ ਸੰਧੂਰਦਾਨੀ ਟੁੱਟ ਗਈ,*
*ਅੰਬਰਾਂ ਨੇ ਵੇਸ ਤਾਹੀਂਉਂ ਜੋਗੀਆ ਬਣਾਏ ਨੇ।*

ਸੂਰਜ ਦੀ ਸੰਧੂਰਦਾਨੀ ਦੇ ਟੁੱਟਣ ਨਾਲ ਹੀ ਅੰਬਰ ਜੋਗੀ ਵੇਸ ਧਾਰਦਾ ਹੈ। ਪਰ ਚਿੰਤਨ ਨਾਲ ਫਿਰ ਸ਼ਬਦ ਸਲਾਮਤ ਰਹਿੰਦੇ ਨੇ ਤੇ ਫੁੱਲਾਂ ਦੀ ਮਹਿਕ ਨਾਲ ਸਾਡਾ ਰਿਸ਼ਤਾ ਬਰਕਰਾਰ ਰਹਿੰਦਾ ਹੈ।

ਮੈਂ ਇਸ ਸ਼ਾਇਰੀ ਨੂੰ ਉਸ ਦੀ ਗ਼ਜ਼ਲ ਦੇ ਵਿਕਾਸ-ਕ੍ਰਮ ਵਜੋਂ ਹੀ ਦੇਖਦਾ ਹੋਇਆ ਉਸਦੀ ਇਕ ਹੋਰ ਰੁਬਾਈ ਦਾ ਹਵਾਲਾ ਦੇ ਕੇ ਆਪਣੀ ਗੱਲ ਖ਼ਤਮ ਕਰਦਾ ਹਾਂ:

*ਤੂੰ ਮੇਰੇ ਨੈਣਾਂ 'ਚ ਕੁਝ ਪਲ ਬੰਦ ਹੋ ਜਾਹ।*
*ਫੁੱਲ ਨਾ ਰਹੁ, ਹੁਣ ਤੂੰ ਸੂਰਜ, ਚੰਦ ਹੋ ਜਾਹ।*
*ਮਹਿਕ ਦੇ ਦੇ, ਜ਼ਿੰਦਗੀ ਸਰਸ਼ਾਰ ਕਰ ਦੇਹ,*
*ਹਸਤੀਆਂ ਨੂੰ ਮੇਟ ਕੇ ਗੁਲਕੰਦ ਹੋ ਜਾਹ।*

ਉਮੀਦ ਹੈ ਪਾਠਕਾਂ ਨੂੰ ਗੁਰਭਜਨ ਗਿੱਲ ਦੀ ਇਹ ਸ਼ਾਇਰੀ ਮਹਿਕ ਵੰਡ ਕੇ ਜ਼ਿੰਦਗੀ ਨੂੰ ਸ਼ਰਸ਼ਾਰ ਕਰਨ ਦਾ ਸਬੱਬ ਬਣੇਗੀ।

***ਪਰਮਜੀਤ ਸੋਹਲ (ਡਾ.)***
*ਲੁਧਿਆਣਾ*

ਸੰਧੂਰ ਦੰਪਤੀ ਰਿਸ਼ਤੇ ਦੀ ਸੰਧੀ ਅਤੇ ਸਮਰਪਣ ਦਾ
ਪ੍ਰਤੀਕਾਤਮਿਕ ਚਿਹਨ ਹੈ। ਮਸਤਕ ਦੇ ਲਿਲਾਟ ਤੋਂ
ਤਾਲੂ ਦੇ ਮੱਧ ਤੱਕ ਜਾਣ ਵਾਲੀ ਇਹ ਸੂਖਮ ਰੇਖਾ
ਇਸਤਰੀ ਲਈ ਵਰਦਾਨਾਂ ਦੀ ਸੂਰ ਜਾਮਨ ਹੈ।
ਪ੍ਰਾਚੀਨ ਸਮੇਂ ਪੁਰਸ਼ ਆਪਣੀ ਤਰਜਨੀ ਉਂਗਲ ਚੋਂ
ਰੱਤ ਕੱਢ ਕੇ ਲੀਕ ਖਿੱਚਦਾ ਅਤੇ ਅਰਧਾਂਗਣੀ ਨੂੰ
ਸੰਗਤ ਵਿਚ ਸ਼ਾਮਲ ਕਰਕੇ ਸੁਹਾਗਣ ਦੇ ਲਕਬ
ਨਾਲ ਨਿਵਾਜਦਾ ਸੀ। ਸ਼ਾਸ਼ਤ੍ਰਾਂ ਵਿਚ ਇਹ
ਮੰਗਲਮਈ ਨਾਲ ਧੂੜਾ ਪਰ-ਪੁਰਸ਼ ਲਈ ਖ਼ਬਰਦਾਰ
ਦੇ ਤੌਰ ਮੰਨਿਆ ਗਿਆ ਹੈ।
ਇਸ ਲਈ ਸੰਧੂਰਦਾਨੀ ਦਾ ਵਿਸ਼ੇਸ਼ ਮਹੱਤਵ ਹੈ।

ਕਿਰਪਾਲ ਕਜ਼ਾਕ

ਤੇਰੀ ਮੇਰੀ ਰੂਹ ਦਾ ਚੰਬਾ ਖਿੜ ਕੇ ਜੱਗ ਮਹਿਕਾ ਸਕਦਾ ਹੈ।
ਧਰਤੀ ਬੁੱਕਲ ਬਣ ਸਕਦੀ ਹੈ, ਸੂਰਜ ਨੇੜੇ ਆ ਸਕਦਾ ਹੈ।
ਪੀਂਘ ਪਈ ਅਸਮਾਨੀ ਵਿਚਲੇ ਸੱਤੇ ਰੰਗ ਮੁਸਕਾਨ ’ਚ ਭਰ ਲੈ,
ਕੋਸ਼ਿਸ਼ ਕਰਕੇ ਵੇਖ ਜ਼ਰਾ ਤੂੰ, ਇਹ ਪਲ ਜੀਣ ਸਿਖਾ ਸਕਦਾ ਹੈ।

***

ਇਹ ਵਰਕਾ ਤੂੰ ਕਿੱਥੋਂ ਪੜ੍ਹਿਆ, ਹਰ ਵੇਲੇ ਹੀ ਝੁਰਦੇ ਰਹਿਣਾ।
ਸਾਬਣ ਦੀ ਚਾਕੀ ਦੇ ਵਾਂਗੂੰ, ਕਿਣ ਮਿਣ ਥੱਲੇ ਖ਼ੁਰਦੇ ਰਹਿਣਾ।
ਸਾਬਤ ਸਿਦਕ ਸਰੂਪ ਸੁਤੰਤਰ ਸਿਰੜ ਸਮਰਪਣ ਸਾਂਭ ਲਵੇਂ ਜੇ,
ਮੰਜ਼ਿਲ ਨੇੜੇ ਆ ਜਾਵੇਗੀ, ਭੁੱਲੇਂ ਨਾ ਜੇ ਤੁਰਦੇ ਰਹਿਣਾ।

***

ਹਰ ਬੰਦੇ ਨੂੰ ਸਫ਼ਰ ਉਡੀਕੇ, ਤੁਰ ਪਓ ਹਿੰਮਤ ਨਾਲ।
ਬੈਠੇ ਬੈਠੇ ਲੰਘ ਜਾਣੇ ਨੇ, ਦਿਵਸ, ਮਹੀਨੇ ਸਾਲ।
ਕਿਹੜਾ ਰੱਖਦੈ ਜੇਬ ’ਚ ਪਹਿਲਾਂ ਮੰਜ਼ਿਲ ਦਾ ਸਿਰਨਾਵਾਂ,
ਬਹੁਤੀ ਵਾਰੀ ਸਮਝ ਪਵੇ ਨਾ ਸਾਨੂੰ ਸਰਲ ਸਵਾਲ।

***

ਅਸਲ ਕਲਾ ਤਾਂ ਇਹ ਹੈ ਮਿੱਤਰੋ ਅੱਖਾਂ ’ਚੋਂ ਅਣਲਿਖਿਆ ਪੜ੍ਹੀਏ।
ਜਿਉਂ ਫੁੱਲਾਂ ਵਿੱਚ ਰੰਗ ਖੁਸ਼ਬੋਈ, ਇੱਕ ਦੂਜੇ ਦੇ ਸਾਹੀਂ ਵੜੀਏ।
ਏਸ ਕਲਾ ਦੇ ਜਾਨਣਹਾਰੇ ਵਿਰਲੇ ਨੇਤਰ ਧਰਤੀ ਉੱਤੇ,
ਦਿਲ-ਮੁੰਦਰੀ ਵਿੱਚ ਮੋਹ ਦੇ ਨਗ ਨੂੰ ਨਾਮ ਧਰੇ ਬਿਨ ਥਾਂ ਸਿਰ ਜੜੀਏ।

***

ਬੱਚਿਆਂ ਦੇ ਮੱਥੇ ਦਾ ਸੂਰਜ ਚਾਨਣ ਸਦਾ ਬਿਖ਼ੇਰੇ।
ਕੁੱਲ ਦੁਨੀਆਂ ਦਾ ’ਨ੍ਹੇਰਾ ਬਿਣਸੇ, ਰੌਸ਼ਨ ਚਾਰ ਚੁਫ਼ੇਰੇ।
ਆਸ ਅਤੇ ਅਰਦਾਸ ਮੇਰੀ ਰੱਬ ਆਪ ਕਰੇਗਾ ਪੂਰੀ,
ਪੈਰ ਇਨ੍ਹਾਂ ਦੇ ਮੰਜ਼ਿਲ ਚੁੰਮਣ, ਹਰ ਪਲ ਕਦਮ ਅਗੇਰੇ।

***

ਮਨ ਦੇ ਟਿੱਲੇ ਸੁਪਨੇ ਜੋਗੀ ਸ਼ਾਮੀਂ ਅਕਸਰ ਆ ਜਾਂਦੇ ਨੇ।
ਬਿਰਧ ਬਿਰਖ ਦੀ ਸੁਣ ਜਾਂਦੇ ਤੇ ਆਪਣੀ ਬਾਤ ਸੁਣਾ ਜਾਂਦੇ ਨੇ।
ਦਿਲ ਦਿਲਗੀਰ ਨੂੰ ਵਾਰਸ ਮਿਲਦੀ ਰੂਹ ਦੀਆਂ ਤਾਰਾਂ ਸੁਰ ਹੋ ਜਾਵਣ,
ਤਾਰਿਆਂ ਵੇਲੇ ਚੰਨ ਤੇ ਤਾਰੇ ਮਿਲਣ ਗਿਲਣ ਜਦ ਆ ਜਾਂਦੇ ਨੇ।

***

ਮੰਡੀ ਵਿੱਚੋਂ ਹਰ ਸ਼ੈ ਲੱਭਦੀ ਨਾ ਬਾਬਲ ਨਾ ਮਾਂ ਮਿਲਦੀ ਹੈ।
ਰਿਸ਼ਤਿਆਂ ਦੇ ਜੰਗਲ 'ਚੋਂ ਲੱਭੋ, ਕਿੱਥੇ ਐਸੀ ਛਾਂ ਮਿਲਦੀ ਹੈ।
ਮਾਪੇ ਜਾਣ ਤੋਂ ਬਾਅਦ ਏਸ ਦੀ ਕੀਮਤ ਦਾ ਅਹਿਸਾਸ ਜਾਗਦਾ,
ਤਖ਼ਤਪੋਸ਼ ਬੇ-ਰੌਣਕ ਸੁੰਨੀ ਮੰਜੀ ਵਾਲੀ ਥਾਂ ਮਿਲਦੀ ਹੈ।

***

ਰਾਜਗੁਰੂ, ਸੁਖਦੇਵ, ਭਗਤ ਸਿੰਘ ਤਿੰਨ ਫੁੱਲ ਸੁਰਖ਼ ਗੁਲਾਬ ਜਹੇ ਨੇ।
ਇੱਕ ਮੌਸਮ ਵਿੱਚ ਉਗਮੇ, ਪੱਲ੍ਹਰੇ, ਸਭ ਅਣਖ਼ੀਲੇ ਖ਼ਵਾਬ ਜਹੇ ਨੇ।
ਗੁਲਦਸਤੇ 'ਚੋਂ ਮਨਮਤੀਏ ਕਿਓਂ ਆਪਣੇ ਰੰਗ ਨਿਖੇੜ ਰਹੇ ਜੀ,
ਇਹ ਤਾਂ ਪੰਜ-ਦਰਿਆਈ ਸੁਪਨੇ, ਸਾਬਤ ਦੇਸ ਪੰਜਾਬ ਜਹੇ ਨੇ।

***

ਭਗਤ ਸਿੰਘ ਜੂਝਦੀ ਹੋਈ ਜ਼ਿੰਦਗੀ ਦਾ ਨਾਮ ਹੈ ਯਾਰੋ।
ਇਹ ਤਖ਼ਤੇ ਫਾਂਸੀਆਂ ਰੱਸੇ, ਜ਼ੁਲਮ ਦੀ ਸ਼ਾਮ ਹੈ ਯਾਰੋ।
ਉਹਦੀ ਬਾਰਾਤ ਵਿੱਚ ਸਰਬਾਲਿਆਂ ਦਾ ਇੱਕ ਜੋੜਾ ਸੀ,
ਛਬੀਲੇ ਰਾਜਗੁਰ ਸੁਖਦੇਵ ਸੁਣ ਲਓ ਨਾਮ ਸੀ ਯਾਰੋ।

***

ਅਸੀਂ ਤੇ ਯਾਰੋ ਓਸ ਗੁਰੂ ਦੇ ਜਨਮ-ਜ਼ਾਤ ਹਾਂ ਚੇਲੇ।
ਜਿਸ ਨੇ ਦੱਸਿਆ ਧਨ ਤੇ ਦੌਲਤ ਸਿਰਫ਼ ਮਿੱਟੀ ਦੇ ਢੇਲੇ।
ਅਸਲੀ ਦੌਲਤ ਪਿਆਰ ਮੁਹੱਬਤ ਦਰਦ ਕਿਸੇ ਦਾ ਜਾਣੋ,
ਪੈਰੀਂ ਹੱਥ ਕਦੇ ਨਾ ਲਾਈਏ, ਦਿਲ ਮਿਲਿਆਂ ਦੇ ਮੇਲੇ।

***

ਸੂਰਮਿਆਂ ਦੀ ਨਾ ਵੱਖ ਬਸਤੀ, ਨਾ ਹੀ ਵੱਖਰਾ ਰਹਿਣਾ।
ਨਬਜ਼ ਸਮੇਂ ਦੀ ਫੜ ਕੇ ਦੱਸਦੇ, ਹੁਣ ਹੈ ਵਕਤ ਕੁਲਹਿਣਾ।
ਸੀਸ ਤਲੀ 'ਤੇ ਧਰਨ ਸੂਰਮੇ ਸਾਨੂੰ ਵੀ ਸਮਝਾਉਂਦੇ,
ਫ਼ਰਜ਼ ਨਿਭਾਓ, ਗ਼ਰਜ਼ਾਂ ਲਈ ਨਾ ਬਾਰ-ਪਰਾਏ ਬਹਿਣਾ।

***

ਸੌ ਹੱਥ ਰੱਸਾ ਗੰਢ ਸਿਰੇ ਤੇ ਸੌ ਦੀ ਇੱਕ ਸੁਣਾਵਾਂ।
ਏਥੋਂ ਤੀਕ ਲਿਆਂਦਾ ਮੈਨੂੰ, ਮਾਪਿਆਂ, ਭੈਣ ਭਰਾਵਾਂ।
ਗੁਰ ਪੀਰਾਂ, ਉਸਤਾਦਾਂ ਚੰਡਿਆ, ਗੁੰਨ੍ਹ, ਘੜ ਆਵੇ ਪਾਇਆ,
ਮਿੱਟੀ ਤੋਂ ਮੈਂ ਬਰਤਨ ਬਣਿਆ, ਤਾਹੀਉਂ ਸੇਵ ਕਮਾਵਾਂ।

***

ਛਿਪ ਗਿਆ ਸੂਰਜ ਹਨ੍ਹੇਰਾ ਕਰ ਗਿਆ।
ਵਕਤ ਥੋੜਾ ਬਹੁਤ ਪੈਂਡਾ ਕਰ ਗਿਆ।
ਚਮਕਿਆ, ਕੁਝ ਇਸ ਤਰ੍ਹਾਂ, ਮੈਂ ਕੀ ਕਹਾਂ,
ਤੁਰ ਗਿਐ ਤਾਂ ਧਰਤ ਸੁੰਨੀ ਕਰ ਗਿਆ।

***

ਸੂਰਜ ਦੀ ਲਿਸ਼ਕੋਰ ਜਹੇ ਸੀ, ਨਹੀਂ ਭੁੱਲਦੇ ਉਹ ਸੱਜਣ ਪਿਆਰੇ।
ਇੱਕ ਪਲ ਦੇ ਝਲਕਾਰੇ ਬਦਲੇ, ਦੇ ਗਏ ਲੱਖਾਂ ਦਰਦ ਉਧਾਰੇ।
ਲੌਂਗ ਲਾਚੀਆਂ ਵਰਗੀ ਖ਼ੁਸ਼ਬੂ, ਜੋ ਦੇ ਗਏ ਉਹ ਮਹਿਕ ਰਹੀ ਹੈ,
ਰਾਤ ਪਈ ਤੇ ਸਗਲ ਸਨੇਹੀ, ਅੰਬਰ ਦੇ ਵਿੱਚ ਬਣ ਗਏ ਤਾਰੇ।

***

ਜ਼ਿੰਦਗੀ ਦੇ ਅਰਥਾਂ ਦਾ ਲੇਖਾ, ਹੋਰ ਕਿਸੇ ਤੋਂ ਕਿਉਂ ਕਰਵਾਉ।
ਹਿੰਮਤ ਕਰਕੇ ਮੀਤ ਪਿਆਰੇ ਆਪੇ ਆਪਣੇ ਨੇੜੇ ਆਉ।
ਇੱਕ ਇੱਕ ਕਦਮ ਹਿਸਾਬ ਦਏਗਾ, ਕੀ ਖੱਟਿਆ ਤੇ ਕਿਵੇਂ ਗਵਾਚਾ,
ਆਪਣੀ ਕੁੱਲ ਹਯਾਤੀ ਏਦਾਂ ਵਰਕਾ ਵਰਕਾ ਪੜ੍ਹਦੇ ਜਾਓ।

***

ਕਿਓਂ ਭੁੱਲਦੇ ਹੋ ਮਹਿੰਗਿਓ ਯਾਰੋ!ਜ਼ਿੰਦਗੀ ਕਰੜਾ ਇਮਤਿਹਾਨ ਹੈ।
ਹਿੰਮਤ ਦੀ ਬਾਰੀਕ ਲੀਕ ਇੱਕ, ਹਾਰ ਤੇ ਜਿੱਤ ਦੇ ਦਰਮਿਆਨ ਹੈ।
ਰੀਸ-ਬ-ਰੀਸੀ ਮਰ ਚੱਲੇ ਹੋ ਨਕਲਚੀਓ, ਕਮਅਕਲੇ ਬੰਦਿਓ,
ਹਰ ਬੰਦੇ ਦਾ ਵੱਖਰਾ ਪਰਚਾ, ਜੋ ਸਮਝੇ ਓਹੀ ਇਨਸਾਨ ਹੈ।

***

ਜੇ ਜਿੱਤਣੈ ਜੰਗ, ਮਨ ਦੇ ਅੰਦਰ ਪਹਿਲਾਂ ਪੱਕਾ ਨਿਸ਼ਚਾ ਧਾਰੋ।
ਭਟਕਣ ਛੱਡਿਆਂ, ਮੰਜ਼ਿਲ ਨੇੜੇ, ਆ ਜਾਂਦੀ ਹੈ ਬਰਖ਼ੁਰਦਾਰੋ।
ਤੇਰੇ ਮੇਰੇ ਸਭ ਦੇ ਬਾਬਲ, ਬਿਨਾਂ ਕਿਤਾਬੋਂ ਇਹ ਕਹਿੰਦੇ ਸੀ,
ਧਰਮਸਾਲ ਵਿੱਚ ਮਗਰੋਂ, ਪਹਿਲਾਂ, ਮਨ-ਮੰਦਰ ਵਿੱਚ ਝਾਤੀ ਮਾਰੋ।

***

ਬੈਠ, ਉਡੀਕ ਕਰੀ ਜਾਹ ਮੇਰੀ, ਵਕਤ ਕਦੇ ਵੀ ਇਹ ਨਹੀਂ ਕਹਿੰਦਾ।
ਵੇਖ ਲਿਆ ਕਰ ਸ਼ਾਮ ਸਵੇਰੇ, ਸੂਰਜ ਕਿੱਸਰਾਂ ਚੜ੍ਹਦਾ ਲਹਿੰਦਾ।
ਤੂੰ ਦਰਿਆਵਾਂ ਦਾ ਪੁੱਤ ਬਾਂਕਾ, ਕਿਉਂ ਬੈਠਾ ਏਂ ਢੇਰੀ ਢਾਹ ਕੇ,
ਰੁਕਿਆ ਪਾਣੀ ਬੁੱਸ ਜਾਂਦਾ ਹੈ, ਵਰਤਣ ਦੇ ਕਾਬਲ ਨਹੀਂ ਰਹਿੰਦਾ।

***

ਚਾਲੀ ਸੇਰੀ ਗੱਲ ਸਿਰੇ ਦੀ ਮੇਰੀ ਇਹ ਗੱਲ ਪੱਲੇ ਬੰਨ੍ਹੋ।
ਬਾਹਰ ਨਹੀਂ, ਵੈਰੀ ਤਾਂ ਅੰਦਰ, ਆਪ ਪਛਾਣੋ ਤੇ ਫਿਰ ਮੰਨੋ।
ਲਾਲਚ, ਹੈਂਕੜ, ਨ਼ਫਰਤ ਚੌਥਾ ਬਿਨ ਅਗਨੀ ਤੋਂ ਕੁੜ੍ਹਦੇ ਰਹਿਣਾ,
ਮਾਂ ਕਹਿੰਦੀ ਸੀ, ਸੁਖ ਹੀ ਸੁਖ ਹੈ, ਜੇ ਏਨੀ ਗੱਲ ਸਮਝੋ ਚੰਨੋ।

***

ਧਰਤੀ ਉੱਪਰ ਸਭ ਤੋਂ ਮਹਿੰਗੀ ਬੱਚਿਆਂ ਦੀ ਕਿਲਕਾਰੀ।
ਮੁੱਲ ਤਾਰਿਆਂ ਮਿਲਦੀ ਨਹੀਓਂ, ਨਾ ਹੀ ਮਿਲੇ ਉਧਾਰੀ।
ਧਰਤੀ, ਧਰਮ, ਧਰੇਕਾਂ, ਧੀਆਂ, ਅੰਬਰ ਥੱਲੇ ਥੰਮੀਆਂ,
ਇਹ ਜੋ ਸਬਕ ਪੜ੍ਹਾਵੇ, ਪੜ੍ਹ ਲਉ ਧੀ 'ਅਸੀਸ' ਪਿਆਰੀ।

***

ਯਾਦ ਤੇਰੀ ਦੀ ਗੰਧ-ਕਥੂਰੀ ਦਿਲ ਦੇ ਤਾਰ ਹਿਲਾ ਜਾਂਦੀ ਹੈ।
ਸ਼ਬਦਾਂ ਦੀ ਸਤਰੰਗੀ ਲੀਲ੍ਹਾ, ਬੁੱਤ ਨੂੰ ਬੋਲਣ ਲਾ ਜਾਂਦੀ ਹੈ।
ਸੱਚ ਪੁੱਛੇਂ ਤਾਂ ਰੂਹ ਨਸ਼ਿਆਵੇ, ਜਦ ਵੀ ਉਹ ਪਲ ਚੇਤੇ ਆਵੇ,
ਤੂੰ ਭਾਵੇਂ ਮੁੜ ਫੇਰ ਮਿਲੀ ਨਾ, ਯਾਦ ਤੇਰੀ ਤਾਂ ਆ ਜਾਂਦੀ ਹੈ।

***

ਪਲਕਾਂ ਓਹਲੇ ਤਲਖ਼ ਸਮੁੰਦਰ ਅੱਥਰੂ ਬਣ ਕੇ ਵਹਿ ਜਾਵਣ ਦੇ।
ਦਿਲ ਨੂੰ ਏਨਾ ਬੰਨ੍ਹਣਾ ਮਾੜਾ, ਮੂੰਹ ਵਿੱਚ ਆਈ ਕਹਿ ਜਾਵਣ ਦੇ।
ਕੀ ਦੱਸਾਂ ਤੇ ਕੀਕੂੰ ਦੱਸਾਂ ਤੜਪਦੀਆਂ ਨੇ ਮਨ ਵਿੱਚ ਲਹਿਰਾਂ,
ਨਾ ਲਿਸ਼ਕੋਰ ਤੂੰ ਨੂਰੀ ਮੁੱਖੜਾ, ਸ਼ੀਸ਼ੇ ਸਨਮੁਖ ਬਹਿ ਜਾਵਣ ਦੇ।

***

ਕਹਿਰ ਖ਼ੁਦਾਈ ਵੇਖੋ ਸੂਰਜ, 'ਨ੍ਹੇਰੇ ਦੀ ਸਾਜ਼ਿਸ਼ ਵਿਚ ਰਲ਼ਿਆ।
ਪੁੱਠਾ ਤਵਾ ਕਲੂਟਾ ਕਾਲਾ, ਆਪੇ ਆਪਣੇ ਮੂੰਹ 'ਤੇ ਮਲ਼ਿਆ।
ਦੱਸੋ ਜੀ, ਵਿਸ਼ਵਾਸ ਭਲਾ ਹੁਣ, ਕਿੱਥੇ ਕਿਸ 'ਤੇ ਕਰ ਲਏ ਬੰਦਾ,
ਜਿਹੜਾ ਭਾਂਡਾ ਅੰਦਰੋਂ ਤੱਕਿਆ, ਓਸੇ ਦਾ ਹੀ ਥੱਲਾ ਗਲ਼ਿਆ।

***

ਚੋਰ ਲੁਟੇਰੇ ਡਾਕੂ ਰਾਖੇ, ਧਰਮ ਕਰਮ ਦੀ ਧਰਤੀ ਉੱਤੇ।
ਮਾਲ ਖ਼ਜ਼ਾਨੇ ਵਾਲੇ ਮਾਲਕ, ਨਸ਼ਿਆਂ ਅੰਦਰ ਨੀਂਦ ਵਿਗੁੱਤੇ।
ਵਕਤ ਬੜਾ ਬੇਰਹਿਮ ਲ਼ਿਖਾਰੀ, ਨੀਝ ਲਗਾ ਕੇ ਵੇਖ ਰਿਹਾ ਏ,
ਲਗਰਾਂ ਕੌਣ ਮਰੋੜੇ, ਤੋੜੇ, ਖਿੜਨ ਗੁਲਾਬ ਨਾ ਜੋਬਨ ਰੁੱਤੇ।

***

ਆਪੇ ਆਪਣੇ ਵੈਰੀ ਬਣ ਗਏ, ਸਾਡਾ ਦੁਸ਼ਮਣ ਬਾਹਰ ਨਾ ਕੋਈ।
ਧਰਮ ਧੁਰੇ ਤੋਂ ਲਾਹ ਕੇ ਆਪਾਂ, ਨੱਚ ਰਹੇ ਹਾਂ ਲਾਹ ਕੇ ਲੋਈ।
ਅਮਰ ਵੇਲ ਦੀ ਆਪਣੀ ਜੜ੍ਹ ਤਾਂ, ਨਾ ਧਰਤੀ ਨਾ ਅੰਬਰੀਂ ਹੋਵੇ,
ਪੱਤ ਹਰਿਆਲੇ ਬਿਰਖ਼ ਸੁਕਾਵੇ, ਆਪਣਾ ਜਿਸ ਦਾ ਬੀਜ ਨਾ ਕੋਈ।

***

ਮਨ ਦਾ ਮੋਰ ਉਦਾਸ ਖੜ੍ਹਾ ਹੈ, ਉੱਖੜੇ ਸੁਰ ਤੇ ਸਾਜ਼ ਵਜੱਈਆ।
ਤਪਦੀ ਲੂਅ ਤਨ ਮਨੂਆ ਸਾੜੇ, ਇੱਕੋ ਜਹੀ ਪੱਛੋਂ ਪੁਰਵੱਈਆ।
ਧਰਤੀ ਮਾਂ, ਰੰਗਲੀ ਫੁਲਕਾਰੀ ਇੱਕੋ ਰੰਗ ਵਿੱਚ ਡੁੱਬ ਚੱਲੀ ਹੈ,
ਚੁਸਤ ਵਪਾਰੀ ਬਣੇ ਲਲਾਰੀ, ਬਣਿਆ ਸਭ ਦਾ ਬਾਪ ਰੁਪਈਆ।

***

ਸਾਲ ਦੇ ਤਿੰਨ ਸੌ ਪੈਂਠ ਦਿਨਾਂ 'ਚੋਂ ਚਿੜੀਆਂ ਲਈ ਦਿਨ ਰਾਖਵਾਂ ਰੱਖਣਾ।
ਇਹ ਫੋਕੀ ਹਮਦਰਦੀ ਤੋਂ ਵੱਧ, ਹੋਰ ਨਹੀਂ ਕੁਝ ਵੀ ਚੰਨ ਮੱਖਣਾ।
ਧਰਤੀ, ਪਾਣੀ, ਬਿਰਖ ਬਰੂਟੇ, ਹੌਕੇ ਭਰ ਭਰ ਤੜਪ ਰਹੇ ਨੇ,
ਜੇ ਨਾ ਰਲ਼ ਇਹ ਪੂੰਜੀ ਸਾਂਭੀ, ਹੋ ਜਾਵੇਗਾ ਦਰ ਘਰ ਸੱਖਣਾ।

***

ਬੱਚਿਆਂ ਦੇ ਮਨ ਅੰਦਰ ਕੀ ਹੈ, ਅਨਪੜ੍ਹ ਮਾਂ ਵੀ ਪੜ੍ਹ ਲੈਂਦੀ ਹੈ।
ਅੱਖੀਆਂ ਵਾਲੀ ਖ਼ੁਰਦਬੀਨ ਸੰਗ ਰੂਹ ਦੀ ਚੋਰੀ ਫੜ ਲੈਂਦੀ ਹੈ।
ਬਾਬਲ ਝਿੜਕੇ ਤੜਫਣ ਲੱਗਦੀ, ਕੰਬਦੀ ਧਰਤ ਭੂਚਾਲ ਦੇ ਵਾਂਗੂੰ,
ਬੱਚਿਆਂ ਖ਼ਾਤਰ , ਸੁੱਚੜੀ ਰੂਹ ਵੀ ਸਗਲ ਬਹਾਨੇ ਘੜ ਲੈਂਦੀ ਹੈ।

***

ਆਪਣੀ ਮੂਰਤ ਆਪੇ ਖਿੱਚ ਕੇ ਆਪੇ ਆਪਣਾ ਆਪ ਨਿਹਾਰੋ।
ਕਿੰਨੇ 'ਕੱਲ੍ਹੇ ਹੋ ਚੱਲੇ ਓ, ਸੈਲਫ਼ੀ ਲੈਂਦੇ ਬਰਖ਼ੁਰਦਾਰੋ।
ਇੱਕ ਦੂਜੇ ਦਾ ਬਣੋ ਸਹਾਰਾ, ਏਦਾਂ ਉੱਸਰੇ ਭਾਈਚਾਰਾ,
ਜੇ ਮਨ ਲੱਗੇ ਸੌਣ ਤੋਂ ਪਹਿਲਾਂ, ਰਾਤੀਂ ਮੇਰਾ ਫ਼ਿਕਰ ਵਿਚਾਰੋ।

***

ਪੱਤੀਆਂ ਸੁਰਖ਼ ਗੁਲਾਬ ਦੀਆਂ ਦੇ, ਕਿਉਂ ਲਾਏ ਨੇ ਹੋਠੀਂ ਜੰਦਰੇ।
ਮਰ ਨਾ ਜਾਣ ਮਾਸੂਮ ਪਰਿੰਦੇ ਰੀਝਾਂ, ਚਾਅ ਸਾਹ ਘੁੱਟ ਕੇ ਅੰਦਰੇ।
ਤੂੰ ਭੁੱਲੇਂ, ਸੌ ਵਾਰੀ ਭੁੱਲ ਜਾ, ਉਸ ਮਹਿਕੰਦੜੀ ਮੁਲਾਕਾਤ ਨੂੰ,
ਜਗਦੀ ਰੱਖਾਂ ਜੋਤ ਵਾਂਗਰਾਂ, ਯਾਦ ਤੇਰੀ ਮੈਂ ਦਿਲ ਦੇ ਮੰਦਰੇ।

***

ਉਮਰ ਗੁਜ਼ਾਰੀ ਆਪਣੀ ਸਾਰੀ, ਦੋਚਿੱਤੀ ਨੂੰ ਮਾਰਦਿਆਂ।
ਅਗਨ ਸਫ਼ੇ ਦੇ ਸਾਗਰ ਉੱਤੇ, ਕਾਗ਼ਜ਼ ਬੇੜੀ ਤਾਰਦਿਆਂ।
ਸਮਝ ਪਵੇ ਨਾ ਅੱਜ ਤੀਕਰ ਵੀ, ਕੀ ਖੱਟਿਆ ਕੀ ਵੱਟਿਆ ਏ,
ਜੀਵਨ ਪੂੰਜੀ ਖ਼ਰਚ ਰਿਹਾ ਹਾਂ, ਸੱਚ ਦੇ ਸਿਰ ਤੋਂ ਵਾਰਦਿਆਂ।

***

ਕਿੱਥੋਂ ਆਏ ਕਿੱਧਰ ਚੱਲੇ ਇਲਮ ਨਹੀਂ ਇਸ ਗੱਲ ਦਾ।
ਅੱਜ ਦਾ ਰੋਜ਼ ਖਿਸਕਿਆ ਹੱਥੋਂ, ਪਤਾ ਨਹੀਂ ਕੁਝ ਕੱਲ੍ਹ ਦਾ।
ਚਾਨਣੀਆਂ ਵਿੱਚ ਤੁਰਿਆਂ ਤੁਰਿਆ ਮਗਰ ਸਦਾ ਪਰਛਾਵਾਂ,
ਰਾਤ ਪਈ ਤੇ ਭਲਿਆ ਲੋਕਾ ਕੌਣ ਕਿਸੇ ਸੰਗ ਚੱਲਦਾ।

***

ਜਾਨ ਤੋਂ ਪਿਆਰੇ ਜੇ ਨਾ ਮਾਨਣ, ਖੁਸ਼ੀਆਂ ਜਾਣ ਕਰੰਡੀਆਂ।
ਮੋਹ ਦੇ ਪਾਣੀ ਬਾਝੋਂ ਤਰਸਣ, ਸੁਰਖ਼ ਫੁੱਲਾਂ ਦੀਆਂ ਡੰਡੀਆਂ।
ਪਰ ਜੇ ਸੱਤ ਬੇਗਾਨਾ ਕੋਈ, ਮੀਂਹ-ਮੁਸਕਾਨ ਤਰੌਂਕੇ,
ਰੂਹ ਵਿੱਚ ਵਗਦਾ ਹੈ ਪੁਰਵੱਈਆ, ਮਹਿਕਦੀਆਂ ਪਗਡੰਡੀਆਂ।

***

ਬੰਦਾ ਹੈ ਬੰਦੇ ਦਾ ਦਾਰੂ ਬੁਰੇ ਵਕਤ ਸਮਝਾਇਆ।
ਸੁਖ ਵੇਲੇ ਤਾਂ ਪੜ੍ਹ ਨਾ ਸਕਿਆ ਗੁੰਝਲਦਾਰੀ ਮਾਇਆ।
ਕੁਰਸੀ, ਪਦਵੀ, ਮਾਣ ਮਰਤਬਾ, ਖੰਭ ਉਡਾਵਣ ਉੱਚਾ,
ਆਪਣੀ ਹਸਤੀ ਓਦੋਂ ਜਾਣੀ, ਜਦ ਧਰਤੀ ’ਤੇ ਆਇਆ।

***

ਧਰਤੀ ਦੀ ਬੁੱਕਲ ਵਿੱਚ ਸੋਨਾ, ਚਾਂਦੀ ਹੀਰੇ ਲੁਕੇ ਖ਼ਜ਼ਾਨੇ।
ਸਾਗਰ ਦੀ ਤਹਿ ਹੇਠ ਪਏ ਸੀ, ਮਾਣਕ-ਮੋਤੀ ਲੱਖ ਨਜ਼ਰਾਨੇ।
ਇਹ ਸਾਰਾ ਕੁਝ ਹਾਸਲ ਕਰਕੇ, ਭੁੱਖਿਆ ਤੂੰ ਭੁੱਖੇ ਦਾ ਭੁੱਖਾ,
ਮਨ ਦਾ ਚੈਨ ਤੇ ਖੁਸ਼ੀਆਂ ਖੇੜੇ, ਤਾਹੀਉਂ ਤੈਥੋਂ ਬਣੇ ਬੇਗਾਨੇ।

***

ਖ਼ਬਰਦਾਰ! ਦਰਵਾਜ਼ੇ ਉੱਪਰ ਲਿਖਿਆ ਕੁੱਤੇ ਵੱਢਦੇ।
ਪਤਾ ਨਹੀਂ ਕਿਉਂ ਮਹਿਲਾਂ ਵਾਲੇ ਇਹ ਆਦਤ ਨਹੀਂ ਛੱਡਦੇ।
ਉੱਚੀਆਂ ਕੰਧਾਂ ਉੱਪਰ ਸ਼ੀਸ਼ਾ ਕਿਰਚਾਂ ਵਾਂਗੂੰ ਜੜਿਆ,
ਧਨਵੰਤੇ ਨੇ ਬੜੇ ਡਰਾਕਲ, ਮਨ 'ਚੋਂ ਭੈ ਨਹੀਂ ਕੱਢਦੇ।

***

ਵਧੀਆ ਗੱਲ ਹੈ ਪੱਗ ਤਾਂ ਹੋਵੇ, ਪਰ ਉਸ ਥੱਲੇ ਸਿਰ ਵੀ ਹੋਵੇ।
ਦੀਨ ਦੁਨੀ ਦਾ ਰਾਖੀ ਕਰਦਾ, ਨਾਧਿਰਿਆਂ ਦੀ ਧਿਰ ਵੀ ਹੋਵੇ।
ਕਿੰਨਾ ਹੋਰ ਉਡੀਕੋਗੇ ਜੀ, ਪਟਨੇ ਤੋਂ ਦਸਮੇਸ਼ ਪਿਤਾ ਨੂੰ,
ਸਾਡੇ ਲਈ ਪਰਿਵਾਰ ਨੂੰ ਵਾਰੇ, ਉਹ ਸਾਰਾ ਕੁਝ ਫਿਰ ਵੀ ਹੋਵੇ।

***

ਗੋਰਖ ਦੇ ਟਿੱਲੇ ’ਤੇ ਜੋਗੀ ਸ਼ਾਮੀਂ ਅਕਸਰ ਆ ਜਾਂਦੇ ਨੇ।
ਬਿਰਧ ਬਿਰਖ ਦੀ ਸੁਣ ਜਾਂਦੇ ਤੇ ਆਪਣੀ ਬਾਤ ਸੁਣਾ ਜਾਂਦੇ ਨੇ।
ਦਿਲ ਦਿਲਗੀਰ ਨੂੰ ਵਾਰਸ ਮਿਲਦੀ ਰੂਹ ਦੀਆਂ ਤਾਰਾਂ ਸੁਰ ਹੋ ਜਾਵਣ,
ਤਾਰਿਆਂ ਵੇਲੇ ਚੰਨ ਤੇ ਤਾਰੇ ਮਿਲਣ ਗਿਲਣ ਜਦ ਆ ਜਾਂਦੇ ਨੇ।

***

ਧੀਆਂ ਦੇ ਮੱਥੇ ਦਾ ਸੂਰਜ ਚਾਨਣ ਸਦਾ ਬਿਖ਼ੇਰੇ।
ਕੁੱਲ ਦੁਨੀਆਂ ਦਾ ’ਨ੍ਹੇਰਾ ਬਿਨਸੇ, ਰੌਸ਼ਨ ਚਾਰ ਚੁਫ਼ੇਰੇ।
ਆਸ ਅਤੇ ਅਰਦਾਸ ਇਹ ਮੇਰੀ, ਰੱਬ ਕਰੇਗਾ ਪੂਰੀ,
ਪੈਰ ਇਨ੍ਹਾਂ ਦੇ ਮੰਜ਼ਿਲ ਚੁੰਮਣ, ਹਰ ਪਲ ਕਦਮ ਅਗੇਰੇ।

***

ਸ਼ਬਦ ਜਦੋਂ ਸੰਗ ਸਾਥ ਨਾ ਰਹਿੰਦੇ, ਹੌਕਾ ਤੇਰੀ ਬਾਤ ਕਰੇ।
ਕੀ ਦੱਸਾਂ ਇਹ ’ਕੱਲ੍ਹੀ ਜਿੰਦੜੀ, ਏਡਾ ਸਦਮਾ ਕਿਵੇਂ ਜਰੇ।
ਪਲਕਾਂ ਅੰਦਰ ਵਿਲਕਣ ਅੱਥਰੂ, ਤਲਖ਼ ਸਮੁੰਦਰ ਖੌਲ ਰਿਹਾ,
ਤਪਦੀ ਲੋਹ ’ਤੇ ਜਲ ਕਣ ਜੀਕੂੰ ਤੜਫ਼ ਤੜਫ਼ ਕੇ ਪੈਰ ਧਰੇ।

***

ਅੰਕੜਿਆਂ ਦੀ ਚਕਾਚੌਂਧ ਵਿੱਚ, ਬੰਦਾ ਕਿਤੇ ਗੁਆਚ ਗਿਆ ਹੈ।
ਮਨ ਦਾ ਚੈਨ ਵੀ ਏਸੇ ਕਰਕੇ, ਏਥੋਂ ਪੱਤਰਾ ਵਾਚ ਗਿਆ ਹੈ।
ਬੇਵਤਨੇ ਮਨ ਕਾਰਨ ਹੁਣ ਤਾਂ, ਚੌਵੀ ਘੰਟੇ ਭੈ ਦਾ ਆਲਮ,
ਕਿੰਨੇ ਵਿੱਚ ਮੈਂ ਵਿਕ ਸਕਦਾ ਹਾਂ, ਹਾਕਮ ਮੈਨੂੰ ਜਾਚ ਗਿਆ ਹੈ।

***

ਤੁਰਾਂ ਬਰਾਬਰ ਸਹਿਜ ਮਤੇ ਵਿੱਚ, ਤਾਹੀਓਂ ਜ਼ਰਾ ਮਲਾਲ ਨਹੀਂ।
ਕਿਹੜਾ ਅੱਗੇ ਕਿਹੜਾ ਪਿੱਛੇ ਮਨ ਚਿੱਤ ਵਿੱਚ ਸਵਾਲ ਨਹੀਂ।
ਵਕਤ ਬਰਾਬਰ ਤੁਰਦਾ ਮੇਰੇ, ਕਣ ਕਣ ਸੰਦਲੀ ਮਹਿਕ ਜਿਹਾ,
ਏਹੀ ਏਦਾਂ ਨਿਭ ਜਾਵੇ ਜੇ, ਰੱਬ ਦੀ ਮੈਨੂੰ ਭਾਲ ਨਹੀਂ।

***

ਰੰਗ ਭਰ ਦੇ, ਖ਼ੁਸ਼ਬੋਈ ਭਰ ਦੇ, ਸਾਰਾ ਬਾਗ਼ ਹਵਾਲੇ ਤੇਰੇ।
ਸੱਚ ਪੁੱਛੇਂ ਤਾਂ ਮਿਹਨਤ ਕਰਨਾ, ਏਨਾ ਕੰਮ ਹੀ ਹੱਥ ਵੱਸ ਮੇਰੇ।
ਤੇਰੀ ਰਹਿਮਤ ਹੋ ਜਾਵੇ ਤਾਂ ਥੋਹਰਾਂ ’ਤੇ ਵੀ ਫੁੱਲ ਖਿੜਦੇ ਨੇ,
ਕਣ ਕਣ ਅੰਦਰ ਨੂਰ ਪਸਾਰਾ, ਜਗਮਗ ਜਗਮਗ ਕਰੇਂ ਚੁਫ਼ੇਰੇ।

***

ਜੋਦੜੀਆਂ ਦੇ ਨਾਲ, ਮੁਸੀਬਤ, ਉੱਚੇ ਪਰਬਤ ਢਹਿੰਦੇ ਨਹੀਉਂ।
ਪਰ ਹਾਲਾਤ ਕਦੇ ਵੀ ਮਿੱਤਰਾ ਇੱਕੋ ਜਹੇ ਤਾਂ ਰਹਿੰਦੇ ਨਹੀਉਂ।
ਆਸ ਉਮੀਦਾਂ ਸਾਨੂੰ ਡੂੰਘੇ ਭਵ-ਸਾਗਰ ਤੋਂ ਪਾਰ ਉਤਾਰਨ,
ਸੂਰਜ ਦੀ ਲਿਸ਼ਕੋਰ ਜੇ ਪੱਲੇ, ਗ਼ਮ ਦੇ ਬੱਦਲ ਰਹਿੰਦੇ ਨਹੀਉਂ।

***

ਸੋਚ ਸਮਝ ਕੇ ਜੀਣ ਜੋਗਿਆ, ਖ਼ੁਸ਼ਬੂ ਨਾਲ ਤੂੰ ਰਿਸ਼ਤਾ ਜੋੜੀਂ।
ਮੋਹ ਦੀਆਂ ਤੰਦਾਂ ਨਾਜ਼ਕ ਹੁੰਦੀਆਂ, ਵੇਖੀਂ ਤੂੰ ਵਿਸ਼ਵਾਸ ਨਾ ਤੋੜੀਂ।
ਮਿਲੀਏ ਜਾਂ ਨਾ ਮਿਲੀਏ ਭਾਵੇਂ, ਏਸ ਜਨਮ ਵਿੱਚ ਫੇਰ ਦੋਬਾਰਾ,
ਮੇਰੀ ਰੂਹ ਰੁਸ਼ਨਾਉਣ ਵਾਲਿਆ, ਵੇਖੀਂ ਕਿਧਰੇ ਕੰਡ ਨਾ ਮੋੜੀਂ।

***

ਦਿਸਦਾ ਨਾ ਤੂੰ ਜਿਸ ਦਿਨ ਓਦਣ ਸੂਰਜ ਵੀ ਨਹੀਂ ਚੜ੍ਹਦਾ।
ਵਿੱਚ ਹਨ੍ਹੇਰੇ ਦੱਸ ਮੈਂ ਕਿੱਦਾਂ ਲਿਖੀ ਇਬਾਰਤ ਪੜ੍ਹਦਾ।
ਯਾਦਾਂ ਦੀ ਦੋਮੂੰਹੀਂ ਨਾਗਣ ਰਹਿ ਰਹਿ ਮੈਨੂੰ ਡੰਗਦੀ
ਉੱਡਣੇ ਪੰਛੀ ਰੂਹ ਦੇ ਅੰਬਰੋਂ, ਦੱਸ ਕਿਸ ਤਰ੍ਹਾਂ ਫੜਦਾ।

***

ਆਸ ਦਾ ਸੂਰਜ ਚੜ੍ਹਾਓ ਧਰਤ ਰੌਸ਼ਨ ਕਰ ਦਿਓ।
ਹਰ ਬਨੇਰੇ ਦੀਵਿਆਂ ਨੂੰ ਸ਼ਾਮ ਵੇਲੇ ਧਰ ਦਿਓ।
ਮੀਲ-ਪੱਥਰ ਸਿਰਫ਼ ਪੱਥਰ ਹੋਣ ਤੋਂ ਪਹਿਲਾਂ ਜਨਾਬ,
ਮੰਜ਼ਿਲਾਂ 'ਤੇ ਪਹੁੰਚ ਕੇ ਇਹ ਕੂਣ ਜੋਗੇ ਕਰ ਦਿਓ।

***

ਜੋਤੋਂ ਜੋਤ ਜਗਾਇਆਂ ਮਿੱਤਰੋ, ਕੁਝ ਨਹੀਂ ਘਟਦਾ ਚਾਨਣ ਦਾ।
ਰਲ ਮਿਲ ਬੈਠ ਵਿਚਾਰਾਂ ਕਰੀਏ, ਵਕਤ ਹੈ ਫ਼ਰਜ਼ ਪਛਾਨਣ ਦਾ।
ਹੱਟੀਆਂ ਅੰਦਰ ਡਬਿਆਂ ਵਾਂਗਰ ਵਕਤ ਕਿਤੇ ਨਾ ਚਿਣ ਦੇਵੇ,
ਬੰਦ ਗੁਫ਼ਾ 'ਚੋਂ ਬਾਹਰ ਚੱਲੀਏ, ਪਰਚਮ ਲੈ ਕੇ ਚਾਨਣ ਦਾ।

***

ਪਹਿਰੇਦਾਰ ਬਿਨਾਂ ਦਿਨ ਰਾਤੀਂ, ਕੁੰਡੇ ਜੰਦਰੇ ਖੜਕ ਰਹੇ ਨੇ।
ਚੋਰਾਂ ਦੀ ਅੱਖ ਦੇ ਵਿੱਚ ਕੂਕਰ, ਤਾਹੀਉਂ ਬਹੁਤੇ ਰੜਕ ਰਹੇ ਨੇ।
ਲੜਦੇ, ਭਿੜਦੇ, ਮਿੱਟੀ ਪੁੱਟਦੇ ਜਿਹੜੇ ਚੋਣ ਜਿਤਾ ਕੇ ਘੱਲੇ,
ਖਾਲਮ-ਖਾਲੀ ਸੱਖਣੇ ਭਾਂਡੇ, ਝੱਗੋ ਝੱਗ ਹੋ ਬੜ੍ਹਕ ਰਹੇ ਨੇ।

***

ਸ਼ਬਦ-ਕੋਸ਼ ਵਿੱਚ ਸ਼ਬਦ ਬੜੇ ਨੇ, ਅਰਥਾਂ ਦੀ ਭਰਮਾਰ ਬਰਾਬਰ।
ਪਰ ਜ਼ਿੰਦਗੀ ਬੇਅਰਥ ਗੁਜ਼ਰਦੀ, ਹੋਵੇ ਮਾਰੋਮਾਰ ਬਰਾਬਰ।
ਆਪਣੇ ਮਨ ਦਾ ਮੈਲ ਕੁਚੈਲਾ, ਸ਼ੀਸ਼ਾ ਵੀ ਹੁਣ ਪੁੱਛਦਾ ਨਹੀਓਂ,
ਜਬਰ ਜ਼ੁਲਮ ਨੂੰ ਸਹਿੰਦੇ, ਕਰਦੇ, ਕਿਉਂ ਨਹੀਂ ਪੈਂਦਾ ਭਾਰ ਬਰਾਬਰ।

***

ਰਾਤ ਲੰਮੇਰੀ ਮੁੱਕਣੀ ਨਹੀਓਂ, ਤੈਨੂੰ ਇਸ ਦਾ ਵਹਿਮ ਕਿਓਂ ਹੈ?
ਪੁੱਛਿਆ ਨਾ ਕਰ ਤੇਰੀ ਮੇਰੀ ਰੂਹ ਵਿੱਚ ਏਨਾ ਸਹਿਮ ਕਿਓਂ ਹੈ?
ਸੌ ਦੀ ਇੱਕ ਸੁਣਾਵਾਂ ਤੈਨੂੰ, ਤੂੰ ਮੈਂ ਸਾਰੇ ਉੱਖੜੇ ਰਾਹੋਂ,
ਫੇਰ ਕਦੇ ਨਾ ਪੁੱਛੀਂ ਮੈਨੂੰ, ਵਕਤ ਭਲਾ ਬੇ-ਰਹਿਮ ਕਿਓਂ ਹੈ।

***

ਸੋਨੇ ਦੇ ਪਿੰਜਰੇ ਵਿੱਚ ਮਿਲਦੀ ਹਰ ਤੋਤੇ ਨੂੰ ਚੂਰੀ।
ਦੱਸਿਆ ਸਬਕ ਸੁਣਾਉਣਾ ਪੈਂਦੈ, ਰੂਹ ਤੋਂ ਰੱਖ ਕੇ ਦੂਰੀ।
ਉੱਡਣੇ ਪੁੱਡਣੇ ਬਾਜ਼ਾਂ ਦੇ ਲਈ ਪਿੰਜਰਾ ਨਹੀਂ ਜੀ ਬਣਦਾ,
ਸੂਰਜ ਪਾਰ ਉਡਾਣ ਜਿੰਨ੍ਹਾਂ ਦੀ, ਚੋਗਾ ਨਾ ਮਜਬੂਰੀ।

***

ਕਿੰਨੇ ਫੁੱਲ ਜ਼ਮੀਨ ’ਤੇ ਕਿਰ ਗਏ, ਬਿਰਖ਼ ਕਦੇ ਪਛਤਾਉਂਦਾ ਨਹੀਓਂ।
ਮਾਂ ਦੇ ਕੋਲੋਂ ਲੈਂਦਾ ਦੇਂਦਾ, ਤਾਂ ਹੀ ਤਾਂ ਘਬਰਾਉਂਦਾ ਨਹੀਓਂ।
ਹਰ ਮੌਸਮ ਵਿੱਚ ਨਵੇਂ ਸ਼ਗੂਫ਼ੇ, ਪੱਤਰ, ਫੁੱਲ, ਫ਼ਲਾਂ ਦੇ ਗੁੱਛੇ,
ਸਰਲ ਸਬਕ ਕਿਓਂ ਤੈਨੂੰ ਮੈਨੂੰ, ਸਮਝ ਕਦੇ ਵੀ ਆਉਂਦਾ ਨਹੀਓਂ।

***

ਤਿੜਕ ਗਏ ਹਾਂ, ਜੁੜ ਸਕਦੇ ਹਾਂ, ਜੇਕਰ ਆਪਾਂ ਦਿਲ ਤੋਂ ਚਾਹੀਏ।
ਖ਼ਾਲੀ ਥਾਵਾਂ ਭਰਦੇ ਰਹੀਏ, ਬਹੁਤਾ ਨਾ ਅੰਬਰ ਨੂੰ ਗਾਹੀਏ।
ਵੇਖ ਲਿਆ ਕਰ ਸੂਰਜ ਸ਼ਾਮੀਂ, ਚੁੰਮਦਾ ਆ ਕੇ ਧਰਤੀ-ਮੱਥਾ,
ਮਨ ’ਤੇ ਪਰਬਤ ਭਾਰ ਪਿਆ ਜੋ, ਆਪਾਂ ਵੀ ਆ ਹੇਠਾਂ ਲਾਹੀਏ।

***

ਬਾਂਸ ਦੀ ਪੋਰੀ ਜਿਸ ਨੂੰ ਸਮਝੇਂ, ਵੰਝਲੀ ਹੈ, ਹੋਠਾਂ ਵਿੱਚ ਧਰ ਲੈ।
ਗ਼ਾਫ਼ਲ ਬੰਦਿਆ, ਇੱਕ ਸੁਰ ਹੋ ਜਾ, ਰਹਿੰਦਾ ਸਫ਼ਰ ਸੁਰੀਲਾ ਕਰ ਲੈ।
ਸੁਰ ਤੇ ਕੰਠ ਸੁਮੇਲ ਸਿਰਜ ਲੈ, ਇਹ ਕੰਮ ਵੀਰਾ ਤੇਰੇ ਜ਼ਿੰਮੇ,
ਧਰਤ ਗਗਨ ਬ੍ਰਹਿਮੰਡ ਉਡੀਕੇ, ਸਾਰਾ ਜਗਤ ਕਲਾਵੇ ਭਰ ਲੈ।

***

ਸਮਝ ਕਿਓਂ ਨਹੀਂ ਪੈਂਦੀ ਤੈਨੂੰ, ਜ਼ਿੰਦਗੀ ਤਾਂ ਅਹਿਸਾਸ ਕਟੋਰਾ।
ਦਿਲ ਦੀ ਦੌਲਤ ਖ਼ਰਚ ਲਿਆ ਕਰ, ਕਿਣਕਾ ਕਿਣਕਾ, ਭੋਰਾ ਭੋਰਾ।
ਮੁੜ ਆਉਂਦੀ ਹੈ ਜੇਕਰ ਆਪਾਂ ਵੰਡ ਦੇਈਏ ਕਣ ਕਣ ਖ਼ੁਸ਼ਬੋਈ,
ਫਿਰ ਕਿਓਂ ਰੱਖੀਏ ਇਹ ਅਣਲਿਖਿਆ, ਦਿਲ ਤਖ਼ਤੀ ਦਾ ਮੱਥਾ ਕੋਰਾ।

***

ਸਮਝ ਲਿਆ ਕਰ ਖ਼ੁਸ਼ਬੂ ਜਹੀਏ, ਹਰ ਰਿਸ਼ਤੇ ਦਾ ਨਾਂ ਨਹੀਂ ਹੁੰਦਾ।
ਯਾਦ ਕਰਨ 'ਤੇ ਮਿਲ ਜਾਈਏ ਜਦ, ਇੱਕ ਵੀ ਕਦਮ ਅਗਾਂਹ ਨਹੀਂ ਹੁੰਦਾ।
ਧਰਤੀ ਸੂਰਜ ਰੋਜ਼ ਮਿਲਣ ਪਰ ਇਹ ਕੀ ਲੇਖ ਲਿਖਾਏ ਦੋਹਾਂ,
ਮੁਲਾਕਾਤ ਲਈ ਅਜ਼ਲਾਂ ਤੋਂ ਹੀ ਕੋਈ ਵੀ ਨਿਸ਼ਚਤ ਥਾਂ ਨਹੀਂ ਹੁੰਦਾ।

***

ਲੋਕ ਵਿਚਾਰੇ ਵਕ਼ਤਾਂ ਮਾਰੇ, ਜਿਊਣ ਵਸੀਲਾ ਟੋਲ ਰਹੇ ਨੇ।
ਮਿੱਟੀ ਵਿੱਚੋਂ ਆਪਣੀ ਕਿਸਮਤ ਸਦੀਆਂ ਤੋਂ ਹੀ ਫ਼ੋਲ ਰਹੇ ਨੇ।
ਸਰਬ ਸਮੇਂ ਦੇ ਚਾਤਰ ਹਾਕਮ, ਧਰਮ ਕਰਮ ਦਾ ਓਹਲਾ ਕਰਕੇ,
ਅੰਨ੍ਹੀ ਰੱਯਤ ਗਿਆਨ ਵਿਹੂਣੀ ਪੈਰਾਂ ਹੇਠ ਮਧੋਲ ਰਹੇ ਨੇ।

***

ਕੁਖ ਵਿੱਚ ਕਤਲ ਕਰਾਉਂਦੇ ਕੁੜੀਆਂ, ਚਿੜੀਆਂ ਦੀ ਰਖਵਾਲੀ ਕਰਦੇ।
ਕੰਕਰੀਟ ਦੇ ਜੰਗਲ ਅੰਦਰ, ਥਾਂ ਥਾਂ ਫਿਰਨ ਆਲ੍ਹਣੇ ਧਰਦੇ।
ਬਿਰਖਾਂ ਦੇ ਮੁੱਢ ਫਿਰਦੀ ਆਰੀ, ਅਜਬ ਤਮਾਸ਼ਾ ਵੇਖ ਰਹੇ ਹਾਂ,
ਤਾਹੀਓਂ ਦੇਸ ਪੰਜਾਬ ਵਾਲਿਓ, ਕਿਸ਼ਤਾਂ ਦੇ ਵਿੱਚ ਜਾਈਏ ਮਰਦੇ।

***

ਪਾਟੀ ਚਿੱਠੀ ਜਦ ਵੀ ਆਵੇ, ਬਿਨ ਪੜ੍ਹਿਆਂ ਤੜਫ਼ਾ ਜਾਂਦੀ ਹੈ।
ਮਾਂ ਜਾਇਆਂ ਦੀ ਪੀੜ, ਆਂਦਰਾਂ 'ਕੱਠੀਆਂ ਕਰ ਸਮਝਾ ਜਾਂਦੀ ਹੈ।
ਅੱਖ ਫ਼ਰਕਦੀ, ਚਿੱਤ ਖ਼ਲਬਲੀ, ਉੱਖੜੇ ਨੀਂਦਰ ਹੋਰ ਬੜਾ ਕੁਝ,
ਏਸ ਤਰ੍ਹਾਂ ਹੀ ਤਨ ਦੀ ਮਿੱਟੀ, ਚਿੰਤਾ ਖਾਂਦੀ ਖਾ ਜਾਂਦੀ ਹੈ।

***

ਰਾਤ ਬੜਾ ਬੇਚੈਨ ਰਿਹਾ ਮੈਂ, ਮੋਈ ਮਾਂ ਨੂੰ ਚੇਤੇ ਕਰਕੇ।
ਸੁਪਨਾ ਟੁੱਟਿਆ, ਜਾਗਣ ਮਗਰੋਂ, ਖੁੱਲ੍ਹ ਕੇ ਰੋਇਆ, ਅੱਖੀਆਂ ਭਰ ਕੇ।
ਸਦਾ ਸਿਊਂਤੇ ਰਿਸ਼ਤੇ ਨਾਤੇ, ਮਾਰ ਤਰੋਪੇ ਰਹੀ ਜੋੜਦੀ,
ਆਪ ਕਦੇ ਵੀ ਸੀ ਨਾ ਕੀਤੀ, ਟੁੱਟਦੀ ਜੁੜਦੀ ਰਹੀ ਮਰ ਮਰ ਕੇ।

***

ਅੱਜ ਬੱਦਲਾਂ ਦਾ ਰੰਗ ਸੁਨਹਿਰੀ ਸੂਰਜ ਖੁਰ ਕੇ ਰਲ਼ਿਆ ਜਾਪੇ।
ਇੱਕ ਨੁੱਕਰ ਵਿੱਚ ਧੁੱਪ ਦੀ ਕਾਤਰ ਸੁਰਖ਼ ਦੰਦਾਸਾ ਮਲ਼ਿਆ ਜਾਪੇ।
ਦਿਨ ਨਹੀਂ ਖਿੜਿਆ ਪਹਿਲਾਂ ਵਾਂਗਰ, ਗੜਬੜ ਜਾਪ ਰਹੀ ਏ ਮੈਨੂੰ,
ਸਾਡਾ ਸੂਰਜ ਚਾਰ ਚੁਫ਼ੇਰਿਓਂ ਬੱਦਲ ਤੇ ਧੁੰਦ ਵਲ਼ਿਆ ਜਾਪੇ।

***

ਵਕਤ ਵਿਚਾਰਾ ਟੁਕੜੇ ਕਰਕੇ, ਭਾਵੇਂ ਆਪਾਂ ਕੰਧ ’ਤੇ ਟੰਗਿਆ।
ਪਲ ਪਲ ਰਹੇ ਗਿਣਤੀਆਂ ਕਰਦਾ, ਸਾਥੋਂ ਏਸ ਹਿਸਾਬ ਨਾ ਮੰਗਿਆ।
ਟਿਕਟਿਕ ਵੇਖ ਟਿਕਟਿਕੀ ਲਾ ਕੇ, ਲੇਖਾ ਜੋਖਾ ਕਰਦਾ ਰਹਿੰਦਾ,
ਉਸ ਨੂੰ ਅਗਲਾ ਸਾਹ ਨਾ ਆਵੇ ,ਅੱਜ ਤੀਕਰ ਜਿਸ ਨੂੰ ਇਸ ਡੰਗਿਆ।

***

ਵੇਖੋ, ਮਹਿਮਾਨ ਬਣ ਖਿੜੇ ਫੁੱਲ ਆਏ ਨੇ।
ਸੁਪਨੇ ਹੁਸੀਨ ਵੀ ਇਹ ਨਾਲ ਲੈ ਕੇ ਆਏ ਨੇ।
ਸੂਰਜੇ ਦੀ ਜਾਪਦੈ ਸੰਧੂਰਦਾਨੀ ਟੁੱਟ ਗਈ,
ਅੰਬਰਾਂ ਨੇ ਤਾਹੀਂ ਵੇਸ ਜੋਗੀਆ ਬਣਾਏ ਨੇ।

***

ਰਾਜ ਭਾਗ ਦੀ ਮਸਤੀ ਵਿਚ ਬਦ-ਮਸਤ ਫਿਰਨ ਜੋ ਖੀਵੇ।
ਅਣਦਿਸਦੇ ਜਹੇ ਭੈ ਦੀ ਨਾਗਣ ਰੱਤ ਇਨ੍ਹਾਂ ਦੀ ਪੀਵੇ।
ਬੰਦੂਕਾਂ ਦੀ ਛਾਵੇਂ ਫਿਰਦੇ, ਲੋਕ-ਮਨਾਂ ਦੇ ਰਾਜੇ,
ਅੰਦਰੋਂ ਬਾਹਰੋਂ ਡਰਨ ਖ਼ਤਰਿਓਂ ਇਹ ਆਟੇ ਦੇ ਦੀਵੇ।

***

ਥੋੜ੍ਹ-ਜ਼ਮੀਨੇ ਜੱਟ ਦਾ ਪੁੱਤ ਸਾਂ, ਇੱਕੋ ਨਸ਼ਾ ਉਡਾਈ ਫਿਰਦਾ।
ਸ਼ਬਦ ਸਲਾਮਤ ਰੱਖਣ ਖ਼ਾਤਰ, ਕਵਿਤਾ ਲਿਖਦਾਂ ਕਾਫ਼ੀ ਚਿਰ ਦਾ।
ਹੋਰ ਨਸ਼ੇ ਦੀ ਲੋੜ ਨਾ ਕੋਈ, ਮੇਰੇ ਪੱਲੇ ਕਿੰਨੀ ਸ਼ਕਤੀ,
ਲੱਖੀ ਜੰਗਲ ਬਣਦੇ ਆਪੇ, ਲੋਕ ਪਿਆਰੇ ਤੇ ਚੌਗਿਰਦਾ।

***

ਦਸਮ ਪਿਤਾ ਹੁਣ ਸੀਸ ਤਲੀ 'ਤੇ ਧਰਿਆ ਨਹੀਂ ਜਾਂਦਾ।
ਹੱਕ, ਸੱਚ ਇਨਸਾਫ਼ ਦੀ ਖ਼ਾਤਰ ਮਰਿਆ ਨਹੀਂ ਜਾਂਦਾ।
ਕੁਰਸੀ-ਯੁੱਧ ਨੂੰ ਲੜਦੇ ਲੜਦੇ ਧਰਮ ਗੁਆਚ ਗਿਆ,
ਸ਼ੁਭ-ਕਰਮਨ ਵੀ ਅੱਜ ਕੱਲ੍ਹ ਸਾਥੋਂ ਕਰਿਆ ਨਹੀਂ ਜਾਂਦਾ।

***

ਜੁਗ ਜੁਗ ਜੀਵੇਂ, ਖ਼ੁਸ਼ੀਆਂ ਮਾਣੇਂ ਪੁੱਤ ਪੁਨੀਤ ਪਿਆਰੇ।
ਤੇਰੇ ਹੀ ਹਮਸਫ਼ਰ ਜਾਪਦੇ ਸੂਰਜ, ਚੰਨ, ਸਿਤਾਰੇ।
ਕੁੱਲ ਦੁਨੀਆ ਦੀ ਰਹਿਮਤ ਤੇਰੀ ਝੋਲੀ ਅੰਦਰ ਮਹਿਕੇ,
ਜੀਣ ਜੋਗਿਆ! ਤੇਰੇ ਤੋਂ ਮੈਂ ਜਾਵਾਂ ਸਦ-ਬਲਿਹਾਰੇ।

***

ਨਿੱਕੀ ਜੇਹੀ ਮਾਸੂਮ ਜਿੰਦ ਅੱਖਾਂ ਵਿਚ ਚਾਨਣਾ।
ਏਸ ਦਿਆਂ ਖ਼੍ਵਾਬਾਂ ਨੂੰ ਹੈ ਕਦੋਂ ਆਪਾਂ ਜਾਨਣਾ।
ਧਰਤੀ, ਧਰੇਕ, ਧੀਆਂ ਖ਼ਤਰੇ ਅਧੀਨ ਕਿਉਂ?
ਜ਼ੁੰਮੇਵਾਰੀ ਆਪਣੀ ਨੂੰ, ਫ਼ਰਜ਼ ਕਦੋਂ ਹੈ ਸੰਭਾਲਣਾ।

***

ਪੁੱਟ ਕੇ ਕਿਆਰੀਆਂ 'ਚੋਂ ਹੱਟੀਆਂ ’ਤੇ ਆ ਗਿਆ।
ਵਿਕ ਜਾਣੈਂ ਜਿਸ ਪੈਸੇ ਵਾਲੇ ਤਾਈਂ ਭਾ ਗਿਆ।
ਜਿਸ ਨੇ ਉਗਾਏ ਫੁੱਲ ਠੰਢੇ ਹੌਕੇ ਭਰਦਾ,
ਲੱਗ ਕੇ ਬਾਜ਼ਾਰ ਪਿੱਛੇ, ਕਿੱਥੋਂ ਕਿੱਥੇ ਆ ਗਿਆ।

***

ਤੜਫਾਉਂਦਾ ਇਹ ਫ਼ਰਜ਼ ਬੜਾ ਹੈ।
ਪੁਰਖ਼ਿਆਂ ਦਾ ਸਿਰ ਕਰਜ਼ ਬੜਾ ਹੈ।
ਸੱਜਣ ਬੇਲੀ, ਰਲ ਕੇ ਲਾਹੀਏ,
'ਕੱਲੇ ਲਈ ਇਹ ਮਰਜ਼ ਬੜਾ ਹੈ।

***

ਗੱਲ ਸੁਣ ਲੈ ਤੂੰ ਹੀਰਿਆ ਹਰਨਾ!
ਅੱਖੀਆਂ ਭਰ ਕੇ ਹੁਣ ਨਹੀਂ ਸਰਨਾ।
ਵੇਖੀਂ ਕਦੇ ਉਦਾਸ ਨਾ ਹੋਵੀਂ,
ਆਪਾਂ ਗ਼ਮ ਦਾ ਸਾਗਰ ਤਰਨਾ।

***

ਫੁੱਲ ਕਲੀਆਂ, ਖ਼ੁਸ਼ਬੋਈਆਂ ਪੱਤੀਆਂ।
ਤਰੇਲ ਮੋਤੀਆਂ ਦੇ ਰੰਗ ਰੱਤੀਆਂ।
ਜ਼ਿੰਦਗੀ ਦੇ ਜਾ ਚਿਣਗ ਉਧਾਰੀ,
ਰੌਸ਼ਨ ਕਰ ਜਾ, ਬੁਝੀਆਂ ਬੱਤੀਆਂ।

***

ਸਾਂਭ ਲਉ ਭਰਾਉ, ਸੁੱਚੇ ਮਹਿਕਦੇ ਗ਼ੁਲਾਬ ਨੂੰ।
ਲੱਗੇ ਨਾ ਨਜ਼ਰ, ਇਹਦੇ ਵਿਚ ਘੁਲੇ ਖ਼੍ਵਾਬ ਨੂੰ।
ਲੰਘ ਚੱਲੀ ਰਾਤ ਹੁਣ ਜਾਗਣਾ, ਈਮਾਨ ਹੈ,
ਕੰਗਲਾ ਬਣਾਉਣੋਂ ਰੋਕੋ, ਰੰਗਲੇ ਪੰਜਾਬ ਨੂੰ।

***

ਜ਼ਿੰਦਗੀ! ਚੱਲ ਖੇਡੀਏ ਫਿਰ ਬਾਲ ਵਾਂਗ।
ਨਾ ਕਿਸੇ ਸ਼ਾਤਰ ਦੀ ਚੱਲੀ ਚਾਲ ਵਾਂਗ।
ਆ ਕਿ ਦਾਇਰਾ ਗੋਲ਼ ਕਰਕੇ ਬੈਠੀਏ,
ਮੁੱਕ ਜੇ ਨਾ ਜਿੰਦ ਪਿਛਲੇ ਸਾਲ ਵਾਂਗ।

***

ਜੀਣ ਜੋਗਿਉ, ਇਸ ਖਿੜਕੀ ਦੇ ਵਿੱਚ ਦੀ ਲੰਘੋ।
ਕੁਦਰਤ ਮਾਂ ਤੋਂ ਜੋ ਵੀ ਚਾਹੋ, ਓਹੀ ਮੰਗੋ।
ਚਾਰਦੀਵਾਰੀ ਕੈਦ, ਸਦੀਵੀ ਬੰਧਨ ਤੋੜੋ,
ਕੋਮਲ ਜਿੰਦਾਂ ਐਵੇਂ ਨਾ ਪਏ ਸੂਲ਼ੀ ਟੰਗੋ।

***

ਬਿਰਖ ਨਿਪੱਤਰੇ ਸੋਚ ਰਹੇ ਨੇ।
ਕੌਣ ਜੋ ਪੱਤਰੇ ਨੋਚ ਰਹੇ ਨੇ।
ਜੜ੍ਹ ਵਿਚ ਤੇਲ ਢਾਲ ਕੇ ਪਹਿਲਾਂ,
ਹੁਣ ਕਿਉਂ ਛਾਵਾਂ ਲੋਚ ਰਹੇ ਨੇ।

***

ਸੱਜਣਾਂ ਦੇ ਘਰ ਜਦੋਂ ਵੇਖੀਆਂ ਨਾਰੰਗੀਆਂ।
ਸੱਚਮੁੱਚ ਲੱਗੀਆਂ ਸੀ ਬੜੀਆਂ ਹੀ ਚੰਗੀਆਂ।
ਖੱਟੀਆਂ ਨੇ ਭਾਵੇਂ, ਪਰ ਰਸ ਭਰਪੂਰ ਨੇ,
ਦੱਸਦੇ ਸਿਆਣੇ ਇਹ ਨੇ ਗੁਣ ਵੱਲੋਂ ਚੰਗੀਆਂ।

***

ਆ ਨੀ ਭੈਣੇ! ਦੁਖ ਸੁਖ ਕਰੀਏ।
’ਕੱਲਿਆਂ ’ਕੱਲਿਆਂ ਕਾਹਨੂੰ ਮਰੀਏ।
ਦਿਲ ਦੀ ਕਹੀਏ, ਦਿਲ ਦੀ ਸੁਣੀਏ,
ਆ ਜਾ ਆਪਣੀ ਚੁੱਪ ਤੋਂ ਡਰੀਏ।

***

ਕੱਕਰ ਕੋਰਾ ਕਹਿਰ ਦਾ, ਬਰਫ਼ ਲਿਤਾੜੇ ਰੁੱਖ।
ਜੰਤ ਪਰਿੰਦੇ ਸੋਚਦੇ, ਕਿੱਦਾਂ ਮਿਟਣੀ ਭੁੱਖ।
ਸੂਰਜ ਧੁੰਦ ਗਵਾਚਿਆ, ਦਿਸਦਾ ਹੀ ਨਾ ਮੂੰਹ,
ਚਿੜੀਆਂ ਉੱਡਣੋਂ ਹਾਰੀਆਂ, ਸਭ ਤੋਂ ਵੱਡਾ ਦੁੱਖ।

***

ਕੁਲ ਦੁਨੀਆਂ ਦਾ ਦੁਖ ਸੁਖ ਹੋਵੇ ਪਿੱਪਲ ਥੱਲੇ।
ਅਕਲਾਂ ਵਾਲੇ ਦੇਣ ਦਲੀਲਾਂ, ਬੱਲੇ! ਬੱਲੇ!!
ਆਪੋ ਆਪਣੀ ਤੂਤੀ ਰਾਗ ਅਲਾਪਣ ਲੋਕੀਂ,
ਤਾਂ ਹੀ ਫਿਰਦੇ ਸਾਰੇ ਲੋਕੀਂ, 'ਕੱਲ੍ਹੇ 'ਕੱਲ੍ਹੇ।

***

ਕਿੱਦਾਂ ਵੇਖੋ, ਸਾਹ ਲੈਂਦੇ ਨੇ।
ਫੁੱਲ ਵੀ ਸੰਖ ਵਜਾ ਲੈਂਦੇ ਨੇ।
ਜ਼ਾਲਮ ਜੇਕਰ ਤੋੜ ਲਵੇ ਤਾਂ,
ਰੱਬ ਦੇ ਘਰ ਵੀ ਜਾ ਲੈਂਦੇ ਨੇ।

***

ਰੱਖਦਾ ਸੀ ਜਿਨ੍ਹਾਂ ਨੂੰ ਤੂੰ ਜਾਨ ਤੋਂ ਪਿਆਰੀਆਂ।
ਢੱਠ ਗਈਆਂ ਤੇਰੇ ਪਿਛੋਂ ਮਹਿਲ ਤੇ ਅਟਾਰੀਆਂ।
ਜਾਪਦਾ ਸੀ ਤੇਰੇ ਪਿੱਛੋਂ ਪੱਤਾ ਨਹੀਉਂ ਹਿੱਲਣਾ,
ਵੇਖ ਕਿਵੇਂ ਚੌੜ ’ਤੇ ਚੁਪੱਟ ਬੂਹੇ ਬਾਰੀਆਂ।

***

ਜੰਮਣਹਾਰੀ ਵਾਂਗਰਾਂ ਧਰਤੀ ਮਾਂ ਬੇਹਾਲ।
ਮਾਂ-ਬੋਲੀ ਦਾ ਹੋ ਗਿਆ, ਇਸ ਤੋਂ ਮੰਦੜਾ ਤਾਲ।
ਤਿੰਨੇ ਬਹਿ ਕੇ ਝੁਰਦੀਆਂ ਸ਼ਾਮ ਢਲੇ ਤੋਂ ਬਾਦ,
ਪੁੱਤ ਕਿਉਂ ਨਹੀਂ ਪੁੱਛਦੇ, ਆ ਕੇ ਸਾਡਾ ਹਾਲ।

***

ਕਿੱਧਰ ਚੱਲਿਐਂ ਦਿਲ ਦਿਆ ਮੋਰਾ!
ਜਾਨ ਤੇਰੀ ਦਾ ਮੈਨੂੰ ਝੋਰਾ।
ਰਾਹ ਵਿਚ ਚਤੁਰ ਸ਼ਿਕਾਰੀ ਬੈਠੇ,
ਵੇਖੀਂ ਨਾ ਸੁਸਤਾਵੀਂ ਭੋਰਾ।

***

ਚਾਹ ਦੀ ਇੱਕੋ ਗਰਮ ਪਿਆਲੀ।
ਘਰ ਵਿਚ ਹੈ ਨਹੀਂ ਬਾਗ਼ ਦਾ ਮਾਲੀ।
ਜਿੰਦ ਸੋਚਾਂ ਦੀ ਚੜ੍ਹੀ ਚਰਖ਼ੜੀ,
ਇੱਕ ਹੱਥ ਕਿੰਜ ਵਜਾਵਾਂ ਤਾਲੀ।

***

ਬੋਲਣ ਵਾਲੇ ਕਿੱਥੇ ਮਰ ਗਏ।
ਮੈਨੂੰ ਕੱਲ-ਮੁ-ਕੱਲਾ ਧਰ ਗਏ।
ਮੈਂ ਆਵਾਜ਼ ਬਣਾਂਗਾ ਸਭ ਦੀ,
ਇਹ ਕਿਉਂ ਏਦਾਂ ਧੋਖਾ ਕਰ ਗਏ।

***

ਜੇਬ 'ਚ ਰੱਖਾਂ ਕਲਮ-ਕਟਾਰ।
ਤਿੱਖਾ ਸ਼ਬਦ ਬਣੇ ਹਥਿਆਰ।
ਲੋਕੀਂ ਜੋ ਕੁਝ ਮਰਜ਼ੀ ਆਖਣ,
ਕਮਜ਼ੋਰਾਂ ਦਾ ਮੈਂ ਹਾਂ ਯਾਰ।

***

ਧਰਤੀ ਦੀ ਧੀ ਬੜੀ ਸੁਰੀਲੀ।
ਸੁਰ-ਸਹਿਜ਼ਾਦੀ ਤੇ ਅਣਖ਼ੀਲੀ।
ਬਾਬਲ ਦੀ ਪੱਗ, ਮਾਂ ਦੀ ਚੁੰਨੀ
ਚਾਹਵੇ ਹੋਵੇ ਯੁੱਗ ਤਬਦੀਲੀ।

***

ਜਦ ਹਾਲੇ ਸਾਂ ਅਸੀਂ ਨਿਆਣੇ।
ਗੱਲਾਂ ਕਰਦੇ ਸੁਣੇ ਸਿਆਣੇ।
ਮੁੱਲ ਪਊ ਕੁਰਬਾਨੀ ਦਾ, ਪਰ,
ਬਾਪੂ ਤੁਰ ਗਿਆ ਭੰਗ ਦੇ ਭਾਣੇ।

***

ਰੁੱਖਾਂ ਮੁੱਢ ਆਰੀ ਤੇ ਬਣਾਈ ਜਾਉ ਆਲ੍ਹਣੇ।
ਚਿੜੀਆਂ ਨੇ ਬੋਟ ਹੁਣ ਏਥੇ ਨਹੀਉਂ ਪਾਲਣੇ।
ਪੰਛੀ ਪਰਿੰਦੇ ਚਾਹੁਣ ਰੁੱਖਾਂ ਦੀਆਂ ਟਾਹਣੀਆਂ,
ਧਰਤੀ ਦੇ ਪੁੱਤ ਰੁੱਖ, ਸਿੱਖ ਲਉ ਸੰਭਾਲ਼ਣੇ।

***

ਸੰਨ ਸੰਤਾਲ਼ੀ ਵੇਲੇ ਏਥੋਂ ਘਰਾਂ ਵਾਲੇ ਤੁਰ ਗਏ।
ਸੁੰਨਿਆਂ ਮਹੱਲਾਂ ਦੇ ਬਨੇਰੇ ਤਾਹੀਉਂ ਭੁਰ ਗਏ।
ਅਜੇ ਇੱਕ ਹੌਕਾ ਏਸ ਹਿੱਕੜੀ 'ਚ ਜਾਗਦਾ,
ਬਾਕੀ ਰੰਗ ਜ਼ਿੰਦਗੀ ਦੇ ਝੱਖੜਾਂ 'ਚ ਖ਼ੁਰ ਗਏ।

***

ਦੱਸੋ ਜੀ ਤੁਸੀਂ ਇਹ ਕੀ ਸੋਚੀ।
ਅੰਬਰੋਂ ਡਿੱਗਦੀ ਬਿਜਲੀ ਨੋਚੀ।
ਫੜਕੇ ਕਿੰਜ ਗ਼ਜ਼ਲ ਵਿਚ ਪਾਈ,
ਦੱਸ ਦਿਉ ਮਨਜਿੰਦਰ, ਲੋਚੀ।

***

ਖੜਸੁੱਕ ਬਿਰਖ, ਉਦਾਸ ਖੜ੍ਹੇ ਨੇ।
ਬਿਲਕੁਲ ਸਾਡੇ ਪਾਸ ਖੜ੍ਹੇ ਨੇ।
ਬਿਨ ਬੋਲਣ ਤੋਂ ਕਹਿਣ ਬੜਾ ਕੁਝ,
ਦਿਲ ਵਿਚ ਲੈ ਇਤਿਹਾਸ ਖੜ੍ਹੇ ਨੇ।

***

ਕਲਮ ਵੀ ਪਹਿਲਾਂ ਸੀਸ ਕਟਾਵੇ।
ਮਗਰੋਂ ਗੂੜ੍ਹੇ ਅੱਖਰ ਪਾਵੇ।
ਇਸ ਦਾ ਧਰਮ ਪੂਰਨੇ ਪਾਉਣਾ,
ਜੇ ਚਾਹੇ ਤਾਂ ਯੁਗ ਪਲਟਾਵੇ।

***

ਕੰਡੇ ਅਤੇ ਫੁੱਲ ਸਦਾ ਨਾਲ ਨਾਲ ਤੁਰਦੇ ਨੇ।
'ਕੱਠੇ ਬਹਿ ਕੇ ਖਿੜਦੇ, ਤੇ ਰਲ ਮਿਲ ਝੁਰਦੇ ਨੇ।
ਬੰਦਾ ਹੀ ਇਕੱਲ੍ਹਾ, ਕਿਉਂ ਹੈ ਰੱਬ ਬਣ ਬੈਠਦਾ,
ਬਾਗਾਂ ਦੇ ਸੰਜੋਗ, ਖੇੜੇ ਲਿਖੇ ਹੋਏ ਧੁਰ ਦੇ ਨੇ।

***

ਸੱਜਣਾਂ ਤੋਂ ਬਿਨ, ਸਾਡੇ ਦਿਲ ਵਿਚ ਕਿਹੜਾ ਆਉਂਦਾ ਏ।
ਬਿਨ ਆਏ ਤੋਂ ਕਿਹੜਾ ਰੂਹ ਵਿਚ, ਖ਼ੌਰੂ ਪਾਉਂਦਾ ਏ।
ਬੰਦ ਬੂਹੇ ਦਾ ਕੂੜ ਬਹਾਨਾ ਏਥੇ ਨਹੀਂ ਚੱਲਣਾ,
ਝੁੱਗੀਆਂ ਨੂੰ ਦਰਵਾਜ਼ੇ ਦੱਸੋ ਕਿਹੜਾ ਲਾਉਂਦਾ ਏ?

***

ਅੱਧੀ ਰਾਤੀਂ ਮਨ ਦਾ ਮੋਰ ਨਚਾਇਆ ਨਾ ਕਰ ਤੂੰ।
ਜੇ ਨਹੀਂ ਮਿਲਣਾ, ਸੁਪਨੇ ਵਿਚ ਵੀ ਆਇਆ ਨਾ ਕਰ ਤੂੰ।
ਨੀਂਦ ਚੁਰਾ ਕੇ ਲੈ ਜਾਂਦੀ ਏ, ਮੁੜ ਕੇ ਆਉਂਦੀ ਨਹੀਂ,
ਜ਼ਖ਼ਮ ਪੁਰਾਣੇ ਏਦਾਂ ਰੋਜ਼ ਜਗਾਇਆ ਨਾ ਕਰ ਤੂੰ।

***

ਅਣਖ਼ ਜਗਾਵੇ ਨਾ ਜੋ, ਉਹ ਵੰਗਾਰ ਨਹੀਂ ਹੁੰਦੀ।
ਚੋਰਾਂ ਨਾਲ ਜੋ ਰਲ਼ ਜੇ, ਉਹ ਸਰਕਾਰ ਨਹੀਂ ਹੁੰਦੀ।
ਹੱਕ, ਸੱਚ, ਇਨਸਾਫ਼ ਤੇ ਡਾਕੇ ਸਿਖ਼ਰ ਦੁਪਹਿਰੇ ਜੇ,
ਵੇਖ ਕੇ ਅੱਖਾਂ ਮੀਟ ਲਵੇ, ਅਖ਼ਬਾਰ ਨਹੀਂ ਹੁੰਦੀ।

***

ਜਾਣਦੇ ਨਾ ਗੁਣ, ਤੇਰੀ ਭੱਠੀ ਦਾ ਨੀ ਸ਼ਹਿਰੀਏ।
ਭੁੰਨ ਦੇ ਨੀ ਰੋੜ, ਕੁਝ ਫੁੱਲੇ ਮੈਨੂੰ ਮਹਿਰੀਏ!
ਪਾ ਦੇ ਨੀ ਖ਼ੈਰ ਬੱਚੇ ਮੰਗਦੇ ਨੇ ਲੋਹੜੀਆਂ,
ਜੁਗ ਜੁਗ ਜਿਊਣ ਸਿਰੀਂ ਪੱਗਾਂ, ਜੂੜੇ ਲਹਿਰੀਏ।

***

ਛੰਭ ਵਿਚ ਖਿੜੀਆਂ, ਗ਼ੁਲਾਬੀ ਵੇਖੋ ਕੰਮੀਆਂ।
ਦੁੱਖਾਂ ਦੀਆਂ ਰਾਤਾਂ, ਸਾਡੀ ਜ਼ਿੰਦਗੀ ਤੋਂ ਲੰਮੀਆਂ।
ਚੜ੍ਹਿਆ ਸਵੇਰਾ, ਜਿੰਦੇ! ਉੱਠ ਕੇ ਸਲਾਮ ਕਰ,
ਹੋਇਆ ਕੀਹ ਜੇ ਪੀੜਾਂ ਤੇਰੇ ਨਾਲ ਨਾਲ ਜੰਮੀਆਂ।

***

ਚੁੱਪ ਕਿਉਂ ਆ ਗੱਲਾਂ ਕਰੀਏ।
ਐਵੇਂ ਠੰਢੇ ਹੌਕੇ ਭਰੀਏ।
ਪੱਥਰ ਜੂਨ ਪਏ ਹਾਂ ਭਾਵੇਂ,
ਦਿਲ ਦੀ ਸੁਣੀਏ, ਦਿਲ ਦੀ ਕਰੀਏ।

***

ਅੰਬਰ ਦੇ ਵਿਚ ਘੁਲ਼ਿਆ ਸੂਰਜ ਮੇਰਾ ਹੈ।
ਇਸ ਸੁਰਖ਼ੀ ਦਾ ਨਾਂ ਹੀ ਸੋਨ-ਸਵੇਰਾ ਹੈ।
ਧਰਤੀ ਮਾਂ ਦੇ ਵਿਹੜੇ ਨੂੰ ਮਹਿਕਾ ਦੇ ਹੁਣ,
ਕੁਦਰਤ ਰਾਣੀਏ, ਇਹ ਰਹਿੰਦਾ ਕੰਮ ਤੇਰਾ ਹੈ।

***

ਅੱਜ “ਮਨਤੇਜ” ਪੁੱਤ ਚਿਹਰਾ ਵੇਖ ਆਪ ਦਾ।
ਧੁੱਪ ਦਾ ਸੰਧੂਰੀ ਰੰਗ ਹੋਇਆ ਏਦਾਂ ਜਾਪਦਾ।
ਲੰਘ ਜਾ ਰੁਕਾਵਟਾਂ ਨੂੰ ਇੱਕੋ ਛਾਲ਼ ਮਾਰ ਕੇ,
ਤੇਰੇ ਵਿਚੋਂ ਨੂਰ ਦਿਸੇ ਦਾਦਿਆਂ ਦੇ ਬਾਪ ਦਾ।

***

ਚਿੱਟੇ ਵਿਚ ਤਬਦੀਲ ਹੋ ਰਿਹਾ ਸਾਰਾ ਫੁੱਲ ਗ਼ੁਲਾਬੀ।
ਜਾਗ ਵੀਰਨਾ! ਦੇਰ ਕਰੀਂ ਨਾ, ਤੁਰ ਪਉ ਹੁਣੇ ਸ਼ਤਾਬੀ।
ਇਹ ਜੰਗ ਰਲ਼ ਕੇ ਲੜਨੀ ਪੈਣੀ, ਸੁਣੋ ਸਿਆਸਤਦਾਨੋ!
ਮੜ੍ਹੀਆਂ 'ਤੇ ਕਿੰਜ ਰਾਜ ਕਰੋਗੇ, ਜੇ ਨਾ ਰਹੇ ਪੰਜਾਬੀ।

***

ਹੇ ਵਿਗਿਆਨ! ਤੇਰੇ ਸਿਰ ਮਿਹਣਾ, ਫੁੱਲਾਂ ਦੇ ਰੰਗ ਪੀਲੇ।
ਸਾਡਾ ਸੁੱਚਾ ਫੁੱਲ ਗ਼ੁਲਾਬੀ, ਲੱਭ ਦੇ ’ਕਰ ਤੂੰ ਹੀਲੇ।
ਮੰਨਿਆ ਕਿ ਬਾਜ਼ਾਰ ਲੋੜਦਾ, ਰੰਗ ਬਰੰਗੀਆਂ ਕਿਸਮਾਂ,
ਪਰ ਖ਼ੁਸ਼ਬੋਈ-ਹੀਣ ਇਹ ਮੇਲਾ, ਰੂਹ ਮੇਰੀ ਨਾ ਕੀਲੇ।

***

ਕੋਠੇ ਜਿੱਡੀ ਹੋ ਗਈ ਧੀ।
ਫਿਕਰੀਂ ਵਿੱਧੇ ਘਰ ਦੇ ਜੀਅ।
ਦਾਜ ਦੇ ਲੋਭੀ ਪਾਟੇ ਮੂੰਹ,
ਖ਼ਵਰੇ ਕਦ ਇਹ ਮਿਟਣੀ ਲੀਹ।

***

ਸਿਰ ’ਤੇ ਸਜਾਈਂ ਪੁੱਤ, ਜਿੱਤ ਵਾਲੇ ਤਾਜ ਨੂੰ।
ਮਾਰ ਤੂੰ ਉਡਾਰੀ, ਖੰਭੀਂ ਭਰ ਪਰਵਾਜ਼ ਤੂੰ।
ਜ਼ਿੰਦਗੀ 'ਚ ਆਉਣ ਕਦੇ ਜਦੋਂ ਵੀ ਰੁਕਾਵਟਾਂ,
ਰੱਬ ਦੀਆਂ ਰੱਖਾਂ ਸਦਾ, ਸਾਡੇ “ਮਨਰਾਜ” ਨੂੰ।

***

ਅਲਵਿਦਾ ਐ ਦੋਸਤੋ! ਮੈਂ ਜਾ ਰਿਹਾਂ।
ਮੌਤ ਨੂੰ ਗਲਵੱਕੜੀ ਮੈਂ ਪਾ ਰਿਹਾਂ।
ਜ਼ਿੰਦਗੀ ਜਿੱਦਾਂ ਵੀ ਗੁਜ਼ਰੀ, ਖ਼ੂਬ ਸੀ,
ਸੁਪਨਿਆਂ ਵਿਚ ਖ਼੍ਵਾਬ ਬਣ ਕੇ ਆ ਰਿਹਾਂ।

***

ਖ਼ਤ ਲਿਖਿਆ ਤੂੰ, ਪੜ੍ਹਿਆ, ਮੈਂ ਵੀ ਹਿੰਮਤ ਕਰਕੇ।
ਕਿੱਦਾਂ ਦੱਸਾਂ, ਬੀਤ ਰਹੀ ਹਟਕੋਰੇ ਭਰ ਕੇ।
ਜਿੱਥੇ ਲਿਖਣੀ ਛੱਡ ਗਿਆ ਸੀ, ਪਾਟੀ ਚਿੱਠੀ,
ਉਸ ਤੋਂ ਅੱਗੇ ਸਾਰੇ ਹੀ ਨੇ ਕੋਰੇ ਵਰਕੇ।

***

ਫੁੱਲਾਂ ਅੰਦਰ ਸੁਖ਼ਨ-ਸੁਨੇਹਾ ਪੜ੍ਹਿਆ ਕਰ।
ਅਸਲ ਨਗੀਨੇ ਦਿਲ-ਮੁੰਦਰੀ ਵਿਚ ਜੜ੍ਹਿਆ ਕਰ।
ਮਹਿਕਾਂ ਦੇ ਵਣਜਾਰੇ ਏਹੀ ਆਖ ਰਹੇ,
ਬੰਦਿਆ, ਬੰਦਾ ਬਣ ਜਾ, ਨਾ ਤੂੰ ਲੜਿਆ ਕਰ।

***

ਮੈਂ ਸੂਰਜ ਨੂੰ ਵਿੱਚ ਕਲਾਵੇ ਭਰ ਸਕਦਾ ਹਾਂ।
ਧਰਤੀ ਮਾਂ ਦੇ ਚਰਨਾਂ ਅੱਗੇ ਧਰ ਸਕਦਾ ਹਾਂ।
ਇਹ ਹਿੰਮਤ ਵੀ ਮੈਨੂੰ ਮੇਰੇ ਮਾਪਿਆਂ ਬਖ਼ਸ਼ੀ,
ਜਿਹੜੇ ਵੇਲੇ ਜੋ ਵੀ ਚਾਹਾਂ, ਕਰ ਸਕਦਾ ਹਾਂ।

***

ਘੜੀਆਂ, ਪਲ ਤੇ ਬੀਤ ਰਹੇ ਨੇ ਦਿਵਸ, ਮਹੀਨੇ।
ਗਿਣਤੀ ਮਿਣਤੀ ਖਾ ਚੱਲੀ ਹੈ ਯਾਰ ਨਗੀਨੇ।
'ਥਿਤ, ਵਾਰ ਨਾ ਜੋਗੀ ਜਾਣੇ', ਗੁਰ ਫੁਰਮਾਇਆ,
ਸੂਰਜ, ਚੰਦ ਵਿਗਾੜਨ ਸਾਰੀ ਖੇਡ ਕਮੀਨੇ।

***

'ਕੱਲਿਆਂ ਬਹਿ ਕੇ ਸਾਰੀ ਰਾਤ ਗੁਜ਼ਾਰ ਲਈ ਹੈ।
ਤੇਰੀ ਚੁੱਪ ਦੀ ਕਿੰਨੀ ਕੀਮਤ ਤਾਰ ਲਈ ਹੈ।
ਹੁਣ ਬੋਲਣ ਦੀ ਥਾਂ ’ਤੇ ਕਹਿ ਦੇ ਅੱਲਾ ਬੇਲੀ,
ਹੋਰ ਉਡੀਕਣ ਦੀ ਮੈਂ ਚਾਹਤ ਮਾਰ ਲਈ ਹੈ।

***

ਰੱਬ ਦੇ ਘਰ ਵਿਚ ਦੇਰ ਤਾਂ ਹੈ, ਅੰਧੇਰ ਨਹੀਂ ਹੈ।
ਕਿਹੜੀ ਰਾਤ ਕਿ ਜਿਸਦੀ ਸੁਰਖ਼ ਸਵੇਰ ਨਹੀਂ ਹੈ।
ਟਾਹਣੀਆਂ ਓਹਲੇ ਲੁਕਿਆ ਸੂਰਜ ਵੇਖ ਕਿਵੇਂ ਦਾ,
ਚਿੱਤ ਚੋਰਾਂ ’ਤੇ, ਤਾਹੀਓਂ ਮੇਰੀ ਮੇਰ ਨਹੀਂ ਹੈ।

***

ਤਿਤਲੀ ਦੇ ਪਰ ਉੱਤੇ ਆਹ ਤੂੰ ਕੀ ਲਿਖਿਆ।
ਪੜ੍ਹ ਕੇ ਦਿਲ ਦਾ ਕੋਨਾ ਕੋਨਾ ਮਹਿਕ ਰਿਹਾ।
ਧੜਕਣ ਸ਼ਬਦ ਬਣਾ ਕੇ ਸ਼ਾਇਰੀ ਹੁੰਦੀ ਹੈ,
ਫੁੱਲਾਂ ਜਹੀਏ, ਇਹ ਤੂੰ ਬਿਲਕੁਲ ਠੀਕ ਕਿਹਾ।

***

ਵੇਖ ਫੁੱਲ ਵੀ ਖਲੋਤੇ ਅੱਜ ਬੰਨ੍ਹ ਕੇ ਕਤਾਰ।
ਸਾਡੀ ਧਰਤੀ-ਮਾਂ ਬੈਠੀ ਜੀਕੂੰ ਕਰਕੇ ਸ਼ਿੰਗਾਰ।
ਚਲੋ ਏਸ ਨੂੰ ਮੁਹੱਬਤਾਂ ਦਾ ਖਾਦ, ਪਾਣੀ ਪਾਉ,
ਆਊ ਸਾਡੇ ਘਰ ਏਸ ਤਰ੍ਹਾਂ ਮਹਿਕਦੀ ਬਹਾਰ।

***

ਬੰਦਾ ਹੈਂ ਤਾਂ ਬੰਦਿਆਂ ਵਾਂਗੂੰ ਬੋਲਿਆ ਕਰ।
ਸੱਜਣਾਂ ਨਾਲ ਤੂੰ ਦਿਲ ਦੀ ਘੁੰਡੀ ਖੋਲ੍ਹਿਆ ਕਰ।
ਚੁੱਪ ਰਹਿ ਕੇ ਪਥਰਾ ਜਾਵੇਂਗਾ, ਸਮਝੀਂ ਤੂੰ,
ਦਿਲ ਮਾਸੂਮ ਪਰਿੰਦਾ, ਇੰਜ ਨਾ ਰੋਲ਼ਿਆ ਕਰ।

***

ਰੱਬ ਦੀਆਂ ਧੀਆਂ ਦੋਵੇਂ ਸੁਰ-ਸ਼ਹਿਜ਼ਾਦੀਆਂ।
ਹਿਰਦੇ ਸਰੂਪ ਲਤਾ, ਆਸ਼ਾ ਪਰੀਜ਼ਾਦੀਆਂ।
ਸੁਰ ਤੇ ਅਲਾਪ ਜਿਵੇਂ ਕਾਇਨਾਤ ਬੋਲਦੀ,
ਅੰਬਰੀਂ ਆਵਾਜ਼ ਝੂੰਮੇਂ, ਮਹਿਕਦੀਆਂ ਵਾਦੀਆਂ।

***

ਬੱਚਿਆ! ਹੁਣ ਮੈਂ ਇੰਜ ਕਰਾਂਗਾ।
ਤੇਰੇ ਮੱਥੇ ਤਿਲਕ ਧਰਾਂਗਾ।
ਹਿੰਦੂ, ਸਿੱਖ ਤੇ ਮੁਸਲਿਮ ਕਰਕੇ,
ਆਪਣੇ ਕੋਲੋਂ ਰੰਗ ਭਰਾਂਗਾ।

***

ਚੱਲ ਸੂਰਜ ਨੂੰ ਮੱਥਾ ਟੇਕ।
ਇਸ ਦੇ ਸਿਰ ’ਤੇ ਰੁੱਤ ਅਨੇਕ।
ਰੰਗ, ਖ਼ੁਸ਼ਬੋਈ, ਹਰਕਤ, ਬਰਕਤ,
ਚਾਕਰ ਇਸ ਦੀ ਵਸਤ ਹਰੇਕ।

***

ਰੰਗਾਂ ਪਿੱਛੇ ਲੱਗ ਨਾ ਪ.ਗਲੇ!
ਕਦਮ ਸੋਚ ਕੇ ਰੱਖ ਤੂੰ ਅਗਲੇ।
ਚੁਸਤ ਸ਼ਿਕਾਰੀ ਵਾਂਗ ਤਿਆਰੀ,
ਨੀਲੇ, ਭਗਵੇਂ, ਚਿੱਟੇ ਬਗਲੇ।

***

ਏਸ ਤਰ੍ਹਾਂ ਹੀ ਖਿੜ ਖਿੜ ਕੇ ਤੂੰ ਹੱਸਿਆ ਕਰ।
ਹੋਰ ਕਿਸੇ ਦੀ ਸੁਣਿਆ, ਆਪਣੀ ਦੱਸਿਆ ਕਰ।
ਜ਼ਿੰਦਗੀ ਫੇਰ ਦੋਬਾਰਾ ਕਿੱਥੇ ਮਿਲਣੀ ਹੈ,
ਕਿਣ ਮਿਣ ਕਿਣ ਮਿਣ ਤਪਦੀ ਰੂਹ 'ਤੇ ਵੱਸਿਆ ਕਰ।

***

ਕੌਣ ਆਖਦੈ ਮਾਪੇ ਹੁੰਦੇ ਬੱਦਲਾਂ ਵਰਗੀ ਛਾਂ।
ਅੱਜ ਵੀ ਤੁਰਦੇ ਫਿਰਦੇ ਦਿਸਦੇ ਮੈਨੂੰ ਹਰ ਇਕ ਥਾਂ।
ਅੱਜ ਵੀ ਬਾਪੂ ਜੀ ਦੀ ਘੂਰੀ ਕਦਮ ਕਦਮ ਸਮਝਾਵੇ,
ਧੌਲ਼ੀ ਦਾੜ੍ਹੀ ਵਾਲੇ ਪੁੱਤ ਨੂੰ ਹੁਣ ਵੀ ਝਿੜਕੇ ਮਾਂ।

***

ਸੱਜਰੀ ਸਵੇਰ ਜਹੇ ਸਾਹਾਂ ਤੋਂ ਪਿਆਰਿਓ!
ਆਪਣੇ ਭਵਿੱਖ ਨਾਲ ਕਹਿਰ ਨਾ ਗੁਜ਼ਾਰਿਓ!
ਧਰਤੀ, ਮਾਂ-ਬੋਲੀ ਤੇ ਜਨਣਹਾਰੀ ਮਾਤ ਨੂੰ,
ਅੰਗ ਸੰਗ ਰੱਖੋ, ਭਾਈ ਕਦੇ ਨਾ ਵਿਸਾਰਿਉ!

***

ਰੱਬ ਦੀ ਸਾਂਭ ਅਮਾਨਤ ਰੱਖੋ।
ਆਪਣੇ ਬਾਲ ਸਲਾਮਤ ਰੱਖੋ।
ਰੋਗ-ਮੁਕਤ ਬਾਲਾਂ ਨੂੰ ਕਰ ਕੇ,
ਕੋਹਾਂ-ਦੂਰ ਬਲਾਮਤ ਰੱਖੋ।

***

ਮਿੱਤਰਾ ਪਿਆਰਿਆ, ਤੂੰ ਦੱਸ ਕਿੱਥੇ ਚੱਲਿਆ।
ਪੈਰਾਂ ਵਿਚ ਕਾਹਲ, ਮੱਥਾ ਫ਼ਿਕਰਾਂ ਨੇ ਮੱਲਿਆ।
ਇਹੋ ਜਹੇ ਮਾਹੌਲ ਵਿਚ, 'ਕੱਲ੍ਹਿਆਂ ਨਹੀਂ ਤੁਰੀਦਾ,
ਸੱਜਣਾਂ ਨੇ ਹੋਰ ਕਿਹੜੇ ਕੰਮ ਆਉਣਾ ਝੱਲਿਆ।

***

ਕੁੱਲ ਧਰਤੀ ਦੀਆਂ ਜੀਵਣ ਮਾਵਾਂ!
ਠੰਢੀਆਂ ਠਾਰ ਸੰਘਣੀਆਂ ਛਾਵਾਂ।
ਰਹਿਣ ਸਲਾਮਤ ਧਰਤੀ, ਧੀਆਂ,
ਤਿੰਨਾਂ ਤੋਂ ਬਲਿਹਾਰੇ ਜਾਵਾਂ।

***

ਤਿਤਲੀ ਵੇਖੋ ਚੁੰਮ ਰਹੀ ਫੁੱਲ ਸੂਹੇ ਸੂਹੇ।
ਸਾਰਾ ਦਿਨ ਹੈ ਘੁੰਮਦੀ ਬਾਗਾਂ ਦੇ ਬੂਹੇ।
ਤੂੰ ਵੀ ਇਸ ਤੋਂ ਸਬਕ ਲੈ, ਧਰਤੀ ਦੀ ਪਰੀਏ,
ਬੈਠ ਕਦੇ ਤੂੰ ਆਣ ਕੇ, ਮੇਰੇ ਦਿਲ ਦੀ ਜੂਹੇ।

***

ਬਾਪੂ ਹੈ ਬੇਚੈਨ, ਰੂਹ 'ਤੇ ਗੱਡੇ ਜਿੰਨਾ ਭਾਰ ਹੈ।
ਸੁੱਕੀ ਰੋਟੀ ਗੰਢਾ, ਉੱਤੇ ਅੰਬ ਦਾ ਅਚਾਰ ਹੈ।
ਸਾਡੇ ਬੀਜੇ ਦਾਣੇ ਲੋਕੀਂ ਵੇਚ ਵੇਚ ਰੱਜ ਗਏ,
ਕੱਲ੍ਹ ਵੀ ਲਾਚਾਰ ਬਾਪੂ, ਅੱਜ ਵੀ ਲਾਚਾਰ ਹੈ।

***

ਆਉ ਧਰਤੀ ਵਾਲਿਓ! ਰਲ ਕਰੀਏ ਅਰਦਾਸ।
ਕਸ਼ਟ ਕਲੇਸ਼ ਦਾ ਖ਼ਾਤਮਾ, ਹਰ ਥਾਂ ਹੋ ਪ੍ਰਕਾਸ਼।
ਚਿੰਤਾ ਚਿਖ਼ਾ ਸਮਾਨ ਜੋ, ਤੁਰ ਜਾਏ ਦੂਰ ਪਰੇ,
ਰਹੇ ਅਧੂਰੀ ਕਦੇ ਨਾ, ਪਿਰ ਮਿਲਣੇ ਦੀ ਆਸ।

***

ਵੱਡੀ ਭੈਣ ਸਾਡੀ, ਅਸੀਂ ਤਿੰਨ ਹਾਂ ਭਰਾ।
ਚਾਰ ਘਰੀਂ ਰਹੀਏ, ਭਾਵੇਂ ਪਰ ਇਕੋ ਚਾਹ।
ਦੁਨੀਆਂ ’ਤੇ ਕਦੇ ਨਾ ਮੁਥਾਜ ਕਿਤੇ ਹੋਵੇ,
ਕੋਸ਼ਿਸ਼ਾਂ 'ਚ ਰਹੀਏ, ਨਾਲੇ ਮੰਗੀਏ ਦੁਆ।

***

ਏਨੇ ਸਾਰੇ ਫੁੱਲ ਮੇਰੀ ਝੋਲੀ ਪਰਮਾਤਮਾ।
ਕਿਵੇਂ ਸ਼ੁਕਰਾਨਾ ਕਰੇ ਤੇਰਾ ਮੇਰੀ ਆਤਮਾ।
ਇੱਕ ਇੱਕ ਫੁੱਲ ਮੈਂ ਤਾਂ ਵੰਡ ਦੇਵਾਂ ਸਭ ਨੂੰ,
ਧਰਤੀ ਤੋਂ ਕਰਨਾ ਉਦਾਸੀਆਂ ਦਾ ਖ਼ਾਤਮਾ।

***

ਕੂਕ ਰਹੀ ਹੈ ਡਾਲੀ ਡਾਲੀ।
ਦੱਸੋ ਕੌਣ ਕਰੂ ਰਖਵਾਲੀ?
ਹੱਥ 'ਚ ਆਰੀ ਲੈ ਕੇ ਫਿਰਦਾ,
ਵੈਰੀ ਹੋਇਆ ਬਾਗ ਦਾ ਮਾਲੀ।

***

ਰਾਜਗੁਰੂ, ਸੁਖਦੇਵ, ਭਗਤ ਸਿੰਘ ਫੁੱਲ ਦੀ ਜੂਨ ਪਏ।
ਕਿੰਨੇ ਹਾਣੀ ਉਨ੍ਹਾਂ ਦੇ, ਅੱਜ ਕਬਰਾਂ ਹੇਠ ਪਏ।
ਦੇਂਦੇ ਜੋ ਵਿਸ਼ਵਾਸ 'ਤੇ ਪਹਿਰਾ, ਓਹੀ ਅਕਸਰ ਜੀਂਦੇ,
ਦੇਵੇ ਵਕਤ ਸਲਾਮੀ ਜਿਹੜੇ ਜਾਨਾਂ ਵਾਰ ਗਏ।

***

ਸੁਰ ਤੇ ਸ਼ਬਦ ਸੰਗੀਤ ਦਾ, ਸਚਮੁੱਚ ਸੀ ਅਵਤਾਰ।
ਬਹੁਤ ਉਦਾਸ ਸਾਰੰਗੀਆਂ, ਸ਼ਹਿਨਾਈ ਬੇਜ਼ਾਰ।
ਰੂਹ ਦੀਆਂ ਤਰਬਾਂ ਛੇੜਦਾ, "ਭੰਵਰੇ" ਬਾਝੋਂ ਕੌਣ,
ਜਾ ਕੇ ਮੁੜ ਨਹੀਂ ਪਰਤਿਆ, ਸਾਜ਼ ਵਜਾਵਣਹਾਰ।

***

ਆਟਾ ਦਾਲ ਵੰਡਦੇ ਜੀ, ਵੋਟਾਂ ਵਾਲੇ ਆ ਗਏ।
ਵੇਖ ਲਉ ਸ਼ਿਕਾਰੀ ਸਾਨੂੰ ਕਿੱਦਾਂ ਭਰਮਾ ਗਏ।
ਦੇਸ ਗਹਿਣੇ ਧਰਨਾ ਜਾਂ ਚਾਹੁੰਦੇ ਹੋ ਆਜ਼ਾਦੀਆਂ,
ਕਰਕੇ ਇਸ਼ਾਰਾ ਬੇਜ਼ਬਾਨ ਸਮਝਾ ਗਏ।

***

ਚਿੱਟੇ ਵਾਲ਼ ਉਮਰ ਦੀ ਪੂੰਜੀ, ਕਾਲ਼ੇ ਝਟਪਟ ਹੋ ਜਾਂਦੇ ਨੇ।
ਖ਼ੁਸ਼ੀਆਂ ਲੱਭੀਆਂ ਪਰ ਨਾ ਮਿਲੀਆਂ, ਵੰਡਦੇ ਜੋ, ਖ਼ੁਸ਼ ਹੋ ਜਾਂਦੇ ਨੇ।
ਦੌਲਤ ਲੱਭਦੇ ਲੱਭਦੇ ਆਪਾਂ, ਕਿੰਨੇ ਰਿਸ਼ਤੇ ਮਾਰ ਲਏ ਨੇ,
ਜੇ ਬੱਚਿਆਂ ਦੇ ਨੇੜ ਨਾ ਬਹੀਏ, ਉਹ ਵੀ ਦੂਰ ਖਲੋ ਜਾਂਦੇ ਨੇ।

***

ਅਗਨੀ–ਰਥ ਅਸਵਾਰ ਮੁਸਾਫ਼ਰ, ਵਾਹ ਸੂਰਜਾ ਵਾਹ!
ਨ੍ਹੇਰ ਮਿਟਾਵਣ ਆ ਪਹੁੰਚਾ ਏਂ, ਸਾਫ਼ ਦਿਖਾਵੇਂ ਰਾਹ।
ਹਰ ਪੱਤਾ ਹੈ ਚਾਨਣ ਚਾਨਣ, ਨੂਰ ਤੇਰੇ ਤੋਂ ਲੈ ਕੇ,
ਫਿਰ ਵੀ ਸਾਡੇ ਲੋਕ ਅਜੇ ਕਿਉਂ ਹੋ ਰਹੇ ਨੇ ਗੁੰਮਰਾਹ।

***

ਮੇਰੇ ਹੀਰਿਓ, ਜਿਉਂਦੇ ਰਹੋ! ਉੱਚੀ ਹੋਵੇ ਸ਼ਾਨ!
ਸਦਾ ਏਸੇ ਤਰ੍ਹਾਂ ਰਹਿਣਾ, ਇਕ ਜਿੰਦ, ਇਕ ਜਾਨ।
ਜੀਵੇ ਪੱਟਾਂ ਵਿਚ ਭੰਗੜਾ, ਸਿਆਲਕੋਟੀ ਸੱਦ,
ਪੁੱਤ ਨਸ਼ਿਆਂ ਤੋਂ ਬਚੋ, ਤੁਸੀਂ ਧਰਤੀ ਦਾ ਮਾਣ।

***

ਕੁਰਸੀ ਗ਼ੁਲਾਮੀ ਕਰਵਾ ਕੇ ਖ਼ੁਸ਼ ਰਹਿੰਦੀ ਏ।
ਜ਼ੁਲਮ ਵੀ ਕਰੇ, ਮੂੰਹੋਂ ਚੁੱਪ ਚਾਪ ਰਹਿੰਦੀ ਏ।
ਆਖਦੀ ਹੈ ਗਾਉ ਜੀ, ਆਜ਼ਾਦੀਆਂ ਦੇ ਗੀਤ ਨੂੰ,
ਰੱਖਦੀ ਗ਼ੁਲਾਮ ਸਾਨੂੰ ਜਿੱਥੇ ਵੀ ਇਹ ਡਹਿੰਦੀ ਏ।

***

ਤਾਕਤਵਾਰ ਦੇ ਬਹਿਣ ਦਵਾਰ।
ਸੂਰਜਮੁਖੀਆ ਸਭ ਸੰਸਾਰ।
ਪੈਸਾ ਸ਼ਕਤੀ, ਸ਼ਕਤੀ ਪੈਸਾ,
ਖੜਕੇ ਹਰ ਪਲ ਇੱਕੋ ਤਾਰ।

***

ਜ਼ਿੰਦਗੀ! ਕਿੱਦਾਂ ਗਿਣਾਂ ਦੱਸ ਤੇਰੀਆਂ ਇਹ ਰਹਿਮਤਾਂ।
ਮੇਰੀ ਨਿੱਕੀ ਝੋਲ ਦੇਵੇਂ ਕਿੰਨੀਆਂ ਇਹ ਨੇਹਮਤਾਂ।
ਮੈਂ ਨਾ—ਸ਼ੁਕਰਾ ਰੱਜਦਾ ਨਾ, ਮੰਗੀ ਜਾਵਾਂ ਹੋਰ ਹੋਰ,
ਤਾਹੀਂ ਮੇਰੇ ਪੇਸ਼ ਆਈਆਂ, ਜ਼ਹਿਮਤਾਂ ਹੀ ਜ਼ਹਿਮਤਾਂ।

***

ਲੋਕੀਂ ਜਿਸ ਨੂੰ ਆਖਣ ਗਹਿਣਾ।
ਕੋਹੜ ਕਦੋਂ ਇਹ ਮਗਰੋਂ ਲਹਿਣਾ।
ਰੱਜਿਆਂ ਲਈ ਤਾਂ ਸ਼ੁਗਲ ਮੁਗ਼ਲ ਹੈ,
ਲਿੱਸਿਆਂ ਨੂੰ ਖਾ ਜਾਏ ਕੁਲਹਿਣਾ।

***

ਮਾਘ ਮਹੀਨਾ ਕਿਣ ਮਿਣ ਕਣੀਆਂ।
ਕੰਬਦੀ ਜਾਨ ਮੁਸ਼ਕਲਾਂ ਬਣੀਆਂ।
ਸਿਰੀਂ ਛਤਰੀਆਂ ਏਨੀ ਠੰਢ ਵਿਚ,
ਕਿੱਧਰ ਚੱਲੀਆਂ ਏਨੀਆਂ ਜਣੀਆਂ।

***

ਬਾਬਲ ਤੁਰਿਆ, ਮਮਤਾ ਮੋਈ।
ਰੱਬਾ ਦੱਸ ਇਹ ਗੱਲ ਕੀਹ ਹੋਈ।
ਧਰਤੀ ਖੋਹੀ, ਅੰਬਰ ਖੋਹਿਆ,
ਇਸ ਤੋਂ ਉੱਤੇ ਜ਼ੁਲਮ ਨਾ ਕੋਈ।

***

ਮੇਰਾ ਦੁਸ਼ਮਣ ਬਾਹਰ ਨਾ ਕੋਈ।
ਮੇਰੀ ਵੈਰਨ ਹਉਮੈ ਹੋਈ।
ਇਸ ਤੋਂ ਮੁਕਤੀ ਮਿਲਦੀ ਹੀ ਨਾ,
ਤਾਹੀਂ ਕਿਧਰੇ ਮਿਲੇ ਨਾ ਢੋਈ।

***

ਚਾਰ ਵਰਣ ਦਾ ਸਾਂਝਾ ਮੰਦਰ।
ਵੇਖੋ, ਝਾਕੋ ਆਪਣੇ ਅੰਦਰ।
ਅਨਹਦ ਨਾਦ ਸ਼ਬਦ ਧੁਨ ਪੂੰਜੀ,
ਏਹੀ ਸਬਕ ਦਏ ਹਰਿਮੰਦਰ।

***

ਰੁੱਖ ਵੀ ਆਪਣਾ ਚਿਹਰਾ ਵੇਖਣ ਪਾਣੀ ਅੰਦਰ।
ਕਿੰਨਾ ਕੁਝ ਹੈ ਲੁਕਿਆ ਏਸ ਕਹਾਣੀ ਅੰਦਰ।
ਆਪਣੇ ਮਨ ਦਾ ਸ਼ੀਸ਼ਾ ਆਪਾਂ ਕਿਉਂ ਨਾ ਤੱਕੀਏ,
ਤੰਦ ਸਬੂਤੀ ਲੱਭੋ ਉਲਝੀ ਤਾਣੀ ਅੰਦਰ।

***

ਉਲਟ ਜ਼ਮਾਨੇ ਆ ਗਏ ਵੀਰੋ! ਕਮਲੇ ਬਣੇ ਸਿਆਣੇ।
ਖ਼ੁਦ ਤੋਂ ਦੂਰ ਕਰਾ ਦਿੰਦੇ ਨੇ, ਕੋਠੀ ਵਿਚਲੇ ਦਾਣੇ।
ਨਹੁੰ ਤੋਂ ਮਾਸ ਕਦੇ ਨਹੀਂ ਟੁੱਟਦਾ ਬਣੀ ਕਹਾਵਤ ਐਵੇਂ,
ਹਰ ਰਿਸ਼ਤੇ ਦੀ ਆਪਣੀ ਸੀਮਾ, ਪਰ ਵਿਰਲਾ ਹੀ ਜਾਣੇ।

***

ਹੁੰਦਾ ਸੀ ਭੁਲੇਖਾ ਸਾਨੂੰ ਭਾਰਤ ਮਹਾਨ ਹੈ।
ਸੌ ਵਿਚੋਂ ਨੱਬੇ ਦੀ, ਕੁੜਿੱਕੀ ਵਿਚ ਜਾਨ ਹੈ।
ਲੋਕ-ਰਾਜ ਵਾਲੀ ਬੀਨ ਵੱਜਦੀ ਹੈ ਬੇਸੁਰੀ,
ਪੈਸਾ ਹੀ ਵਜੰਤਰੀ ਦਾ ਦੀਨ ਤੇ ਈਮਾਨ ਹੈ।

***

ਖੜਸੁੱਕ ਬਿਰਖ਼ ਉਦਾਸ ਖੜ੍ਹੇ ਨੇ।
ਬਿਲਕੁਲ ਸਾਡੇ ਪਾਸ ਖੜ੍ਹੇ ਨੇ।
ਇਸ ਦੀ ਜੜ੍ਹ ਨੂੰ ਕਿਹੜਾ ਦੁੱਖੜਾ,
ਸੋਚੋ, ਕਿਉਂ ਬਿਨ ਸਵਾਸ ਖੜ੍ਹੇ ਨੇ।

***

ਕੁਦਰਤ ਰਾਣੀਏ! ਤੂੰ ਏਨਾ ਕੰਮ ਕਰ ਦੇ।
ਸਾਹਾਂ 'ਚ ਸੁਗੰਧੀਆਂ ਤੇ ਰੰਗ ਸੋਹਣਾ ਭਰ ਦੇ।
ਜਿੱਥੇ ਜਿੱਥੇ ਜ਼ਿੰਦਗੀ ਉਦਾਸ ਤੇ ਖ਼ਾਮੋਸ਼ ਹੈ,
ਉੱਥੇ ਉੱਥੇ ਬੁੱਤਾਂ ਨੂੰ ਜਿਊਣ ਜੋਗਾ ਕਰ ਦੇ।

***

ਹੰਝੂਆਂ ਨੂੰ ਰੋਕ ਨਾ ਤੂੰ, ਏਸੇ ਤਰ੍ਹਾਂ ਵਹਿਣ ਦੇ।
ਮਨ ਉਤੋਂ ਭਾਰ ਬੀਬਾ! ਜਿਵੇਂ ਲਹਿੰਦਾ ਲਹਿਣ ਦੇ।
ਜ਼ਿੰਦਗੀ ਉਦਾਸ ਗੀਤ, ਮੇਰੇ ਹਿੱਸੇ ਆ ਗਈ,
ਮੈਨੂੰ ਮੇਰੇ ਹਾਲ ਉਤੇ ਏਸੇ ਤਰ੍ਹਾਂ ਰਹਿਣ ਦੇ।

***

ਸੁਣ ਲਉ ਲੋਕੋ ਅਜਬ ਕਹਾਣੀ।
ਪਿੱਛੇ ਅੱਗ ਤੇ ਅੱਗੇ ਪਾਣੀ।
ਨਾਲ ਜੁਲਾਹਿਆਂ ਡਾਂਗੋ-ਡਾਂਗੀ,
ਪੱਲੇ ਤੰਦ ਨਹੀਂ ਹੈ ਤਾਣੀ।

***

ਸੱਪ ਤੇ ਨਿਓਲ਼ਾ ਵੇਖੋ, ਜਾਪਦੇ ਨੇ ਲੜਦੇ।
ਵੇਖ ਲਉ ਸਿਆਸੀ ਲੋਕ ਏਸੇ ਤਰ੍ਹਾਂ ਕਰਦੇ।
ਸਾਡੇ ਦੋਵੇਂ ਵੈਰੀ, ਚਿੱਤੋਂ ਡੰਗ ਨਹੀਉਂ ਛੱਡਦੇ,
ਵਾਰੋ ਵਾਰੋ ਕਾਟੋ ਵਾਂਗੂੰ ਕੁਰਸੀ 'ਤੇ ਚੜ੍ਹਦੇ।

***

ਫੁੱਲਾਂ ਦੀ ਸੰਭਾਲ਼ ਵੀ ਤਾਂ ਸਾਡੀ ਜ਼ਿੰਮੇਵਾਰੀ ਹੈ।
ਘਰ ਵਿਚ ਲਾਈ ਜੇ ਗ਼ੁਲਾਬ ਦੀ ਕਿਆਰੀ ਹੈ।
ਏਸ ਦਾ ਖ਼ਿਆਲ ਕਰੂ ਕੌਣ ਹੁਣ ਮਾਲਕੋ!
ਧਰਤੀ, ਜ਼ਬਾਨ, ਤੁਸੀਂ ਜਣਨੀ ਵਿਸਾਰੀ ਹੈ।

***

ਚੱਲ ਪੰਛੀਆ! ਮਾਰ ਉਡਾਰੀ।
ਤੇਰੇ ਪਿੱਛੇ ਚੜ੍ਹੇ ਸ਼ਿਕਾਰੀ।
ਰਾਜ ਘਰਾਣੇ ਜਸ਼ਨ ਮਨਾਉਣਾ,
ਆ ਨਾ ਜਾਵੇ ਤੇਰੀ ਵਾਰੀ।

***

ਅੱਗ ਦੇ ਅਨਾਰ ਨਾ ਚਲਾਇਆ ਕਰੋ ਦੋਸਤੋ!
ਜ਼ਿੰਦਗੀ ਤਾਂ ਜ਼ਸ਼ਨ, ਮਨਾਇਆ ਕਰੋ ਦੋਸਤੋ!
ਆਪਣੀ ਹੀ ਅੱਗ ਵਿਚ ਜਿਹੜੇ ਸੜੀ ਜਾਂਦੇ ਨੇ,
ਐਸੇ ਨਾਮੁਰਾਦ ਨਾ ਬੁਲਾਇਆ ਕਰੋ ਦੋਸਤੋ!

***

ਧੁੰਦ ਵਿਚ ਮੈਥੋਂ ਮੇਰਾ ਚਿਹਰਾ ਪਰੇਸ਼ਾਨ ਸੀ।
ਤੁਰਨਾ ਸੀ ਤੇਗ਼ ਉੱਤੇ, ਮੁੱਠੀ ਵਿਚ ਜਾਨ ਸੀ।
ਜਿੱਤਣਾ ਯਕੀਨੀ ਹੋਇਆ ਜਦੋਂ ਏਸ ਪੰਧ ਨੂੰ,
ਫੜੇ ਰਹਿ ਗਏ ਤੀਰ, ਪਰ ਟੁੱਟ ਗਈ ਕਮਾਨ ਸੀ।

***

ਸੁੱਚੀਆਂ ਮੁਹੱਬਤਾਂ ਦਾ ਹੁੰਦਾ ਕੋਈ ਨਾਂ ਨਹੀਂ।
ਮਹਿਕ ਨੂੰ ਲੋੜੀਂਦੀ ਸੂਈ-ਨੱਕੇ ਜਿੰਨੀ ਥਾਂ ਨਹੀਂ।
ਧਰਤੀ, ਜ਼ਬਾਨ, ਤੀਜੀ ਮਾਂ-ਰਾਣੀ ਦੋਸਤੋ,
ਇਨ੍ਹਾਂ ਨਾਲੋਂ ਦੁਨੀਆਂ ’ਤੇ ਠੰਢੀ ਮਿੱਠੀ ਛਾਂ ਨਹੀਂ।

***

ਇਸ ਪੁਸਤਕ ਦੇ ਅੰਦਰ ਕੀਹ ਹੈ?
ਪੜ੍ਹਨੋਂ ਡਰਦਾ ਹਰ ਇਕ ਜੀਅ ਹੈ।
ਮਨ ਦਾ ਸ਼ੀਸ਼ਾ, ਮੈਂ ਕਿਉਂ ਵੇਖਾਂ?
ਅਸਲੀ ਵਿਚੋਂ ਗੱਲ ਇਹ ਹੀ ਹੈ।

***

ਝੁੱਲ ਓਏ ਤਿਰੰਗਿਆ! ਤੂੰ ਝੁੱਲ ਓਏ ਤਿਰੰਗਿਆ!
ਅਸਾਂ ਤੈਨੂੰ ਖ਼ੂਨ ਦਿੱਤਾ, ਜਦੋਂ ਵੀ ਤੂੰ ਮੰਗਿਆ।
ਪੁੱਛ ਕਦੇ ਦਿੱਲੀ ਦਿਆਂ ਤਾਜਰਾਂ ਨੂੰ ਪੁੱਛ ਤੂੰ,
ਕਿਹੜੇ ਦੋਸ਼ ਬਦਲੇ ਹੈ, ਸੂਲ਼ੀ ਉੱਤੇ ਟੰਗਿਆ।

***

ਧੁੱਪਾਂ ਦਾ ਉਦਾਸ ਰੰਗ, ਸ਼ਾਮ-ਰੰਗਾ ਹੋ ਗਿਆ।
ਪਰ ਜੀ ਦੁਪਹਿਰੇ ਮੇਰਾ ਸਾਰਾ ਖ਼ੂਨ ਚੋ ਗਿਆ।
ਰਾਤ ਦੇ ਉਨੀਂਦਰੇ ਨੇ ਜਾਨ ਸੂਲ਼ੀ ਟੰਗੀ ਸੀ,
ਚੰਗਾ ਹੋਇਆ ਮੇਲ ਤਾਂ ਸਵੇਰ ਨਾਲ ਹੋ ਗਿਆ।

***

ਸਾਡੇ ਪਿੰਡੀਂ ਵਗੇ ਬੀਬਾ! ਕਵਿਤਾ ਦੀ ਨਹਿਰ ਹੈ।
ਤੇਰੇ ਤਾਂ ਨਸੀਬਾਂ 'ਚ ਸਿਉਂਕ ਲੱਗਾ ਸ਼ਹਿਰ ਹੈ।
ਪੈਸੇ ਦਾ ਬੁਖ਼ਾਰ ਹੋਇਆ ਜਿਥੋਂ ਦੇ ਮੁਹੱਲਿਆਂ ਨੂੰ,
ਧਰਤੀ ਪਲੀਤ ਹੋਈ, ਹਵਾ ਵਿਚ ਜ਼ਹਿਰ ਹੈ।

***

ਉੱਡਣ ਖ਼ਾਤਰ ਤਿਤਲੀ ਤੋਂ ਲੈ ਫੰਗ ਰਿਹਾ ਹਾਂ।
ਪਤਾ ਨਹੀਂ ਕਿਉਂ ਜਾਨ ਨੂੰ ਸੂਲ਼ੀ ਟੰਗ ਰਿਹਾ ਹਾਂ।
ਖ਼੍ਵਾਬਾਂ ਪਿੱਛੇ ਤੁਰਦੇ ਤੁਰਦੇ ਆਹ ਦਿਨ ਆਏ,
ਸ਼ਾਇਰੀ ਖ਼ਾਤਰ ਸ਼ਬਦ ਉਧਾਰੇ ਮੰਗ ਰਿਹਾ ਹਾਂ।

***

ਉੱਚੀਆਂ ਸੀ ਜੋ ਸਬਜ਼ ਖ਼ਜੂਰਾਂ ਪੱਤਰ ਹੋ ਗਏ ਕਾਲੇ।
ਜੜ੍ਹ ਨੂੰ ਕੀੜਿਆਂ ਵਾਂਗੂੰ ਖਾ ਗਏ, ਰਾਣੀ ਖ਼ਾਂ ਦੇ ਸਾਲੇ।
ਵਤਨ ਮੇਰੇ ਦੇ ਰਹਿਬਰ ਕੋਲੋਂ, ਰੱਬਾ, ਵਤਨ ਬਚਾਈਂ,
ਵੇਚਣ ਨੂੰ ਇਹ ਫਿਰਦੇ ਸਾਰਾ, ਸਣ ਕੁੰਜੀਆਂ, ਸਣ ਤਾਲੇ।

***

ਧਰਤੀ-ਮਾਂ ਤੋਂ ਲੈਂਦਾ ਹਾਂ ਮੈਂ ਸ਼ਬਦ ਉਧਾਰੇ।
ਰੌਸ਼ਨੀਆਂ ਦਾ ਸੋਮਾ ਅੰਬਰ ਵਿਚਲੇ ਤਾਰੇ।
ਵਗਦੀ ਪੌਣ ਦਾ ਰੁਮਕਾ ਮੇਰੀ ਧੜਕਣ ਬਣਦਾ,
ਲੱਭਦਾ ਫਿਰਨਾਂ, ਹੁਣ ਵੀ ਨਕਸ਼ ਗੁਆਚੇ ਸਾਰੇ।

***

ਢਿੱਲੜ ਮੰਨਦੇ ਨੇ ਤਕਦੀਰਾਂ।
ਹਿੰਮਤੀ ਕਰਦੇ ਨੇ ਤਦਬੀਰਾਂ।
ਤੁਰਨਾ ਪੈਂਦੈ ਤਖ਼ਤ ਹਜ਼ਾਰਿਉਂ,
ਅੱਗੇ ਲੱਖ ਉਡੀਕਣ ਹੀਰਾਂ।

***

ਫੁੱਲਾਂ 'ਚ ਸੁਗੰਧ ਵਾਂਗੂੰ ਤੁਰੀ ਚੱਲੋ ਨਾਲ ਨਾਲ।
ਦਿਲ ਦੀ ਅੰਗੀਠੀ ਨਿੱਘੀ ਰੱਖੋ, ਖ਼੍ਵਾਬ ਬਾਲ਼ ਬਾਲ਼।
ਆਪਣੀ ਆਵਾਜ਼ ਨੂੰ ਬੁਲੰਦ ਕਰੀ ਰੱਖਿਓ,
ਨੀਂਦਰਾਂ ਨੂੰ ਰੱਖਣਾ ਜੀ, ਅੱਖੀਆਂ 'ਚੋਂ ਟਾਲ਼ ਟਾਲ਼।

***

ਸੱਜਰੀ ਸਵੇਰ ਵੇਖ ਫੁੱਲਾਂ ਦੀਆਂ ਟਾਹਣੀਆਂ।
ਇਨ੍ਹਾਂ ਉੱਤੇ ਲਿਖੀਆਂ ਨੇ ਲੱਖਾਂ ਹੀ ਕਹਾਣੀਆਂ।
ਪੜ੍ਹਦੇ ਪਰਿੰਦੇ ਜਿਵੇਂ 'ਕੱਲੇ 'ਕੱਲੇ ਪੱਤ ਨੂੰ,
ਬੰਦਿਆ! ਤੂੰ ਸੁੱਤਾ ਕਾਹਨੂੰ ਲੰਮੀਆਂ ਨੇ ਤਾਣੀਆਂ।

***

ਜਿਵੇਂ ਫੁੱਲਾਂ ਉੱਤੇ ਪਵੇ, ਮੋਤੀ ਤੁਪਕੇ-ਤਰੇਲ।
ਇਵੇਂ ਜ਼ਿੰਦਗੀ ਦੇ ਦੀਵੇ ਵਿਚ ਪਾਈ ਜਾਵੀਂ ਤੇਲ।
ਭਾਵੇਂ ਧਰਤੀ ਆਕਾਸ਼ ਅੱਜ ਤੀਕ ਨਹੀਉਂ ਮਿਲੇ,
ਅਜੇ ਚਿੱਤ 'ਚ ਉਡੀਕ, ਕਦੇ ਹੋਊ ਸਾਡਾ ਮੇਲ।

***

ਕਿੱਥੇ ਕੀਹਦੇ ਵਾਸਤੇ ਹੈ ਚੋਗ ਬਲਿਹਾਰੀਆ!
ਜਾਵਾਂ ਕੁਰਬਾਨ ਤੇਰੇ ਮਦਨ ਮੁਰਾਰੀਆ!
ਪੱਥਰਾਂ, ਸਮੁੰਦਰਾਂ ਤੇ ਕਿਸੇ ਦੇ ਲਈ ਅੰਬਰੀਂ,
ਦਾਣਾ-ਪਾਣੀ, ਰਸ-ਕਸ ਰੱਖੇ ਬਨਵਾਰੀਆ!

***

ਬੀਤ ਗਈ ਹੈ ਰਾਤ ਭਾਵੇਂ ਚੜ੍ਹ ਗਈ ਸਵੇਰ ਹੈ।
ਮਨ ਵਿਚ ਓਸੇ ਤਰ੍ਹਾਂ ਕਾਲਖ਼ਾਂ ਹਨ੍ਹੇਰ ਹੈ।
ਸੁਪਨੇ ਹਕੀਕਤਾਂ 'ਚ ਕਿੰਨਾ ਲੰਮਾ ਫ਼ਾਸਲਾ,
ਹੱਕ ਤੇ ਬਰਾਬਰੀ 'ਚ ਅਜੇ ਕਿੰਨੀ ਦੇਰ ਹੈ।

***

ਧੁੱਪਾਂ ਵੀ ਉਦਾਸ ਏਥੇ ਛਾਵਾਂ ਵੀ ਉਦਾਸ ਨੇ।
ਰੱਬ ਦੀਆਂ ਰਹਿਮਤਾਂ ਲਈ ਕੁਝ ਬੰਦੇ ਖ਼ਾਸ ਨੇ।
ਤੇਰੇ ਘਰ ਤਾਹੀਓਂ ਨਿੱਤ ਹੁੰਦੀਆਂ ਬਗ਼ਾਵਤਾਂ,
ਘੜਦਾ ਕਾਨੂੰਨ ਜੋ ਤੂੰ, ਵੱਡਿਆਂ ਨੂੰ ਰਾਸ ਨੇ।

***

ਏਸ ਆਸ ਤੇ ਉਮੀਦ ਵਿਚ ਕਾਲ਼ੇ ਹੋ ਗਏ ਬੱਗੇ।
ਤੇਰੇ ਹਾਸਿਆਂ ਨੂੰ ਭੈਣੇ! ਮੰਦੀ ਨਜ਼ਰ ਨਾ ਲੱਗੇ।
ਜੀਵੇ ਤਲੀਆਂ 'ਚ ਗਿੱਧਾ, ਮੌਲ਼ੇ ਤੇਰਾ ਸੰਸਾਰ,
ਜਿਵੇਂ ਬਾਬਲੇ ਦਾ ਵਿਹੜਾ, ਮਿਲੇ ਓਹੋ ਜਿਹਾ ਅੱਗੇ।

***

ਬਹੁਤ ਲੋਕੀਂ ਪੁੱਛਦੇ ਨੇ, ਵੇਖਿਆ ਕਿਸ ਵਾਹਿਗੁਰੂ।
ਮੇਰਾ ਉੱਤਰ ਜ਼ਿੰਦਗੀ ਹੈ, ਜਿਸ ਜਗਹ ਹੁੰਦੀ ਸ਼ੁਰੂ।
ਅੰਤ ਤੀਕਰ ਆਸ ਦੀ ਤੰਦ ਜੋੜਦੀ ਤੇ ਤੋੜਦੀ,
ਓਸ ਵੇਲੇ ਆਸਰਾ ਹੈ, ਦੋਸਤੋ! ਇਹ ਵਾਹਿਗੁਰੂ।

***

ਕੁਦਰਤ ਰਹਿਮਤ ਕਰ ਜਾਂਦੀ ਹੈ।
ਝੋਲ ਫੁੱਲਾਂ ਸੰਗ ਭਰ ਜਾਂਦੀ ਹੈ।
ਪੱਤਝੜ ਵਕਤ ਉਦਾਸ ਨਾ ਹੋਵੀਂ,
ਰੁੱਤ ਇਕਰਾਰ ਵੀ ਕਰ ਜਾਂਦੀ ਹੈ।

***

ਗਲ਼ ਵਿਚ ਚੁੰਨੀ, ਫਾਹੀ ਬਣੀ ਮੁਟਿਆਰ ਦੇ।
ਘਰ ਦੀ ਕਮਾਈ ਥੋੜ੍ਹੀ, ਥੱਲੇ ਆ ਗਈ ਭਾਰ ਦੇ।
ਜ਼ਿੰਦਗੀ ਜਿਊਣ ਜੋਗੀ, ਬੱਚਿਆਂ ਸਮੇਤ ਮੋਈ,
ਦੱਸਦੇ ਨੇ ਰੋਂਦੇ ਹੋਏ, ਪੰਨੇ ਅਖ਼ਬਾਰ ਦੇ।

***

ਮੋਹ, ਮਮਤਾ ਦੀ ਮੂਰਤ ਮਾਂ ਹੈ।
ਸ਼ਕਤੀ ਇਸ ਦਾ ਦੂਜਾ ਨਾਂ ਹੈ।
ਧਰਤੀ ਜੇਡੀ ਬੁੱਕਲ ਵਾਲੀ,
ਆਪਣੇ ਲਈ ਨਾ ਰੱਖਦੀ ਥਾਂ ਹੈ।

***

ਮਿਲਿਆ ਸੀ ਯਾਰ ਤਾਂ ਸੰਧੂਰੀ ਰੰਗ ਹੋ ਗਿਆ।
ਹੱਕ ਸੀ ਪੁਰਾਣਾ ਐਵੇਂ ਦਿਲ ਮੰਗ ਹੋ ਗਿਆ।
ਸੋਚਿਆ ਨਹੀਂ ਸੀ, ਇਨਕਾਰ ਕਦੇ ਹੋਏਗਾ,
ਵੇਖ ਤੂੰ, ਮਾਸੂਮ ਦਿਲ ਸੂਲ਼ੀ ਟੰਗ ਹੋ ਗਿਆ।

***

ਤੇਰੀ ਪਰਵਾਨ ਬੀਬਾ, ਸਤਿ ਸ੍ਰੀ ਅਕਾਲ ਹੈ।
ਉਂਝ ਏਥੇ ਸੱਚ ਦਾ ਤਾਂ ਬਹੁਤ ਬੁਰਾ ਹਾਲ ਹੈ।
ਕੂੜ ਵਾਲੇ ਹੱਟ ਉੱਤੇ ਗਾਹਕਾਂ ਦੀ ਭੀੜ ਹੈ,
ਹੱਕ, ਇਨਸਾਫ਼, ਸੱਚੀਂ ਹੋ ਰਿਹਾ ਬੇਹਾਲ ਹੈ।

***

ਮੇਰੀ ਹੈ ਸਲਾਮ ਸੂਹੀ ਸੱਜਰੀ ਸਵੇਰ ਨੂੰ।
ਸੂਰਜੇ ਦੀ ਟਿੱਕੀ ਵੇਖ ਫ਼ੈਲ ਗਈ ਚੁਫ਼ੇਰ ਨੂੰ।
ਆਓ, ਏਸ ਧਰਤੀ ਨੂੰ ਸਾਂਭੀਏ ਸੰਵਾਰੀਏ,
ਨਾਲ ਹੀ ਮੁਕਾਈਏ ਆਪਾਂ ਮਨਾਂ ਦੇ ਹਨ੍ਹੇਰ ਨੂੰ।

***

ਅੱਜ ਦਾ ਦਿਵਸ ਮੁਬਾਰਕ ਹੋਵੇ ਪਰ ਜੇ ਦੁੱਖੜੇ ਮੁੱਕਣ।
ਜਗੇ ਬਨੇਰਾ, ਚੜ੍ਹੇ ਸਵੇਰਾ, ਨ੍ਹੇਰੇ ਤੰਬੂ ਚੁੱਕਣ।
ਧਰਮੀ-ਪੁੱਤਰ ਸਿਰ ਜੋੜਨ ਤੇ ਜਬਰ-ਖ਼ਿਲਾਫ਼ ਦਹਾੜਨ,
ਮਿਥਣ ਨਿਸ਼ਾਨਾ ਲੋਕ-ਮੁਕਤੀਆਂ, ਇਸ ਤੋਂ ਕਦੇ ਨਾ ਉੱਕਣ।

***

ਪੋਹੂਵਿੰਡ ਵਿਚ ਮਾਘ ਮਹੀਨੇ ਧਰਤੀ ਸੂਰਜ ਜਾਇਆ।
ਜ਼ੋਰ ਜ਼ੁਲਮ ਦੇ ਅੱਗੇ ਕਿਸ ਨੇ, ਸਿਦਕੀ ਮੱਥਾ ਲਾਇਆ।
ਅੱਜ ਦਾ ਦਿਵਸ ਮੁਬਾਰਕ ਬਾਬਾ ਦੀਪ ਸਿੰਘ ਜੀ ਸਦਕੇ,
ਸੀਸ ਤਲੀ 'ਤੇ ਧਰ ਕੇ ਜਿਸ ਨੇ ਵਾਹ ਖੰਡਾ ਖੜਕਾਇਆ।

***

ਕਿੰਨੀਆਂ ਉਗਾਈਆਂ ਅਸੀਂ ਫੁੱਲਾਂ ਦੀਆਂ ਵਾਦੀਆਂ।
ਨਾਲੋ ਨਾਲ ਕਰੀ ਜਾਈਏ, ਨਿੱਤ ਬਰਬਾਦੀਆਂ।
ਫ਼ਰਜ਼ਾਂ ਦੀ ਥਾਵੇਂ ਅਸੀਂ ਗਰਜ਼ ਦੇ ਗ਼ੁਲਾਮ ਹਾਂ,
ਕੁੱਖਾਂ ਵਿਚ ਮਾਰੀ ਜਾਈਏ, ਧੀਆਂ-ਸ਼ਹਿਜ਼ਾਦੀਆਂ।

***

ਮੋਰ ਦਿਆਂ ਖੰਭਾਂ ਵਿਚ ਪੀਂਘਾਂ ਸੱਤ-ਰੰਗੀਆਂ।
ਬੱਦਲਾਂ ਦੀ ਰੁੱਤੇ ਵੇਖੋ ਅੰਬਰਾਂ 'ਤੇ ਟੰਗੀਆਂ।
ਰੰਗਾਂ ਦੇ ਸੁਮੇਲ ਕੋਲੋਂ ਆਪਾਂ ਕਿਉਂ ਨਹੀਂ ਸਿੱਖਦੇ,
ਨਿੱਤ ਹੀ ਲੜਾਈਆਂ ਬੀਬਾ, ਹੁੰਦੀਆਂ ਨਹੀਂ ਚੰਗੀਆਂ।

***

ਭਗਤੀ ਹੈ ਸੇਵਾ, ਦੱਸੀ ਗੁਰੂ ਦੇ ਦੁਲਾਰਿਆ।
ਅੱਧਿਆਂ ਅਧੂਰਿਆਂ ਦੇ ਪੂਰਨਾ ਪਿਆਰਿਆ।
ਪਿੰਗਲੇ ਪਹਾੜ 'ਤੇ ਚੜ੍ਹਾਵੇਂ ਅੱਖੀਂ ਵੇਖਿਆ,
ਆਸ ਧਰਵਾਸ ਤੂੰ ਹੈਂ ਸਰਘੀ ਦੇ ਤਾਰਿਆ!

***

ਸੁੰਦਰ ਸ਼ਯਾਮ ਸੋਹਣਾ, ਬੰਸਰੀ ਵਜਾ ਗਿਆ।
ਹੀਰ ਦੀ ਨਿਮਾਣੀ ਜਿੰਦ, ਰਾਂਝਾ ਭਰਮਾ ਗਿਆ।
ਕਿੱਥੋਂ ਆਇਆ, ਕਿੱਥੇ ਜਾਣਾ? ਦੱਸ ਵੇ ਤੂੰ ਜੋਗੀਆ!
ਸੁੰਦਰਾਂ ਦੇ ਚਿੱਤ ਨੂੰ ਚਿਤਵਣੀ ਜਹੀ ਲਾ ਗਿਆ।

***

ਕਿਹੜਾ, ਕਿੱਥੇ, ਕੌਣ ਖਲੋਤਾ, ਇਹ ਗੱਲਾਂ ਨੇ ਵਕਤੀ।
ਇਸ ਧਰਤੀ ਦੇ ਸੁਰ-ਸ਼ਹਿਜ਼ਾਦੇ ਸਾਰੇ ਮੇਰੀ ਸ਼ਕਤੀ।
'ਢੱਡ ਸਾਰੰਗੀ' ਅਸਲ ਮਾਲਵਾ, ਤੂੰਬਾ ਸੁਰ ਸ਼ਹਿਜ਼ਾਦਾ,
ਹਰ ਸੁਰਵੰਤਾ ਜੰਤ ਪਿਆਰਾ, ਇਸ ਧਰਤੀ ਦੀ ਸ਼ਕਤੀ।

***

ਮੇਰੇ ਹਾਣੀ ਕਿੰਨੇ ਸਾਰੇ ਰੁੱਖ ਮੁਰਝਾ ਗਏ।
ਨਸ਼ਿਆਂ ਦੇ ਝੂਟੇ ਨੇ ਸਿਉਂਕ ਵਾਂਗੂੰ ਖਾ ਗਏ।
ਪਹਿਰੇਦਾਰਾਂ ਨਾਲ ਹੁਣ ਚੋਰ ਭਾਈਵਾਲ ਨੇ,
ਵੇਖ ਲਉ ਪੰਜਾਬ ਉਤੇ ਕੈਸੇ ਦਿਨ ਆ ਗਏ।

***

ਅੰਬਰੋਂ ਪਰਿੰਦੇ ਜਦੋਂ ਆਲ੍ਹਣੇ 'ਚ ਆਉਣਗੇ।
ਤਾਰਿਆਂ ਦੀ ਬਾਤ ਆ ਕੇ ਬੋਟਾਂ ਨੂੰ ਸੁਣਾਉਣਗੇ।
ਆਦਮੀ ਦੀ ਜ਼ਾਤ ਕਦੇ ਦਿਲ ਹੀ ਨਹੀਂ ਖੋਲ੍ਹਦੀ,
ਇਹਦੇ ਘਰ ਜਾਏ, ਕੋਈ ਚੰਦ ਹੀ ਚੜ੍ਹਾਉਣਗੇ।

***

ਸ਼ਾਸਤਰਾਂ ਦੀ ਰਾਖੀ ਕਰਦੇ ਸ਼ਸਤਰਧਾਰੀ।
ਅੱਜ ਸ਼ਸਤਰ ਦੀ ਮਹਿਮਾ ਹੋ ਗਈ ਅਪਰਮਪਾਰੀ।
ਮਾਰਗ-ਦਰਸ਼ਕ ਸ਼ਬਦ-ਗੁਰੂ ਹੈ, ਵਿਚ ਹਨ੍ਹੇਰੇ,
ਆਣ ਤੁਸੀਂ ਸਮਝਾਓ ਮੁੜ ਕੇ ਕਲਗੀਧਾਰੀ।

***

ਸੰਤ ਸੂਰਮਾ, ਛੱਡ ਉਦਾਸੀ ਰਣਖੇਤਰ ਵਿਚ ਆਇਆ।
ਕਾਲਖ਼ ਦੇ ਵਣਜਾਰਿਆਂ ਦੇ ਸੰਗ ਜਿਸ ਨੇ ਮੱਥਾ ਲਾਇਆ।
ਕੰਮੀਆਂ ਦੇ ਵਿਹੜੇ ਦਾ ਸੂਰਜ, ਲਾਲ ਕਿਲ੍ਹੇ ਸੰਗ ਭਿੜਿਆ,
ਫ਼ੌਲਾਦੀ ਵਿਸ਼ਵਾਸ ਦਾ ਰਾਖਾ, ਕੱਚੇ ਘਰ ਦਾ ਜਾਇਆ।

***

ਮੱਥੇ ਤੇਰਾ ਟਿੱਕਾ, ਨੱਕ ਤਿੱਖਾ ਤਲਵਾਰ ਹੈ।
ਲੌਂਗ ਲਿਸ਼ਕੋਰੇ, ਡਾਢਾ ਨੈਣਾਂ ਦਾ ਖ਼ੁਮਾਰ ਹੈ।
ਜੋਬਨੇ ਦੀ ਰੁੱਤ ਹੈ, ਸਰੂਰ ਨੂਰ ਹੋ ਗਿਆ,
ਦਿਲ ਉੱਤੇ ਦੱਸ ਫਿਰ ਹੋਰ ਕਾਹਦਾ ਭਾਰ ਹੈ।

***

ਆ ਕਦੇ ਇਸ ਜ਼ਿੰਦਗੀ ਨੂੰ ਮਾਣ ਲਈਏ।
ਅਸਲ ਜੀਵਨ ਅਰਥ ਨੂੰ ਵੀ ਜਾਣ ਲਈਏ।
ਚੁੱਪ ਵਾਲੇ ਕਵਚ ਨੂੰ ਤੂੰ ਲਾਹ ਨੀ ਜਿੰਦੇ,
ਧਰਤ ਉੱਪਰ ਲੇਟ, ਅੰਬਰ ਤਾਣ ਲਈਏ!

***

ਅੱਜ ਦਾ ਦਿਵਸ ਮੁਬਾਰਕ! ਧਰਤੀ ਮਾਂ ਨੇ ਪੁੱਤਰ ਜਾਇਆ।
ਪਵਨ ਗੁਰੂ ਪਾਣੀ ਦਾ ਰਾਖਾ, ਧਰਤ ਸੰਵਾਰਨ ਆਇਆ।
ਕਰਮਭੂਮ ਦਾ ਅਣਥੱਕ ਯੋਧਾ, ਕਿਸ ਮਿੱਟੀ ਦਾ ਬਣਿਆ,
ਸੰਤ ਬੜੇ, "ਬਲਬੀਰ" ਨੇ ਥੋੜ੍ਹੇ, ਵੇਖ ਜਗਤ ਦੀ ਮਾਇਆ।

***

ਜ਼ਿੰਦਗੀ ਲੈਂਦੀ ਏ ਕੈਸਾ ਇਮਤਿਹਾਨ।
ਕਰ ਕਮਲ ਬਿਨ ਵੇਖ ਲਉ ਮਾਸੂਮ ਜਾਨ।
ਕੈਨਵਸ 'ਤੇ ਰੰਗ ਭਰਦੀ ਹੈ ਨਿਰੰਤਰ,
ਤੀਸਰਾ ਨੇਤਰ ਜਗਾਵੇ, ਇਹ ਜਹਾਨ।

***

ਕਿੱਥੇ ਤੁਰ ਗਈਆਂ ਯਾਰੋ, ਸੂਰਤਾਂ ਪਿਆਰੀਆਂ।
ਉਮਰਾਂ ਦੇ ਵਾਅਦੇ ਕਰ ਤੋੜ ਗਈਆਂ ਯਾਰੀਆਂ।
ਅੱਖਾਂ ਵਿਚ ਖਾਰਿਆਂ ਸਮੁੰਦਰਾਂ ਦਾ ਨੀਰ ਹੈ,
ਲਾਉਂਦੇ ਨੇ ਹੁਸੀਨ ਖ਼੍ਵਾਬ ਇਨ੍ਹਾਂ ਵਿਚ ਤਾਰੀਆਂ।

***

ਚੁੱਪ ਕਿਉਂ ਹੈਂ ਮਨ ਦਿਆ ਮੋਰਾ!
ਦਰਦ ਛੁਪਾਵੇਂ ਦਿਲ ਦਿਆ ਚੋਰਾ!
ਤੇਰੇ ਖੰਭਾਂ ਦੇ ਵਿਚ ਅੰਬਰ,
ਪੈਰਾਂ ਦਾ ਕਿਉਂ ਕਰਦੈਂ ਝੋਰਾ।

***

ਉੱਡ ਉੱਡ ਚਿੜੀਏ ਨੀ, ਤੂੰ ਬਹਿ ਫੁਲਵਾੜੀ।
ਕਿਸ ਜ਼ਾਲਮ ਮਾਲੀ ਨੇ, ਪਿੰਜਰੇ ਵਿਚ ਤਾੜੀ।
ਇਸ ਦੇਸ਼ ਦੇ ਰਾਜੇ ਨੂੰ ਹੁਣ ਕਿਹੜਾ ਵਰਜੇ,
ਪਰਵਾਜ਼ ਨੂੰ ਕੈਦ ਕਰੇ, ਇਹਦੀ ਆਦਤ ਮਾੜੀ।

***

ਸਾਡੇ ਪਿੰਡ ਦੀ ਹਰ ਇਕ ਮਾਂ ਸੀ, ਬਿਲਕੁਲ ਮੇਰੀ ਮਾਂ ਦੇ ਵਰਗੀ।
ਹੁੰਦੀ ਹੈ ਜਿਉਂ ਹਰ ਇਕ ਬੋਹੜ ਦੀ ਸੰਘਣੀ ਛਾਂ ਹੀ ਛਾਂ ਦੇ ਵਰਗੀ।
ਚੁੱਪ-ਚੁਪੀਤੇ ਭਰ ਵਗਦੇ ਦਰਿਆ ਦੇ ਵਾਂਗ ਨਿਰੰਤਰ ਵਹਿੰਦੀ,
ਪਾਕ-ਪਵਿੱਤਰ ਅੰਮ੍ਰਿਤ ਦੀ ਘੁੱਟ, ਨਾਂਹ ਵੀ ਜਿਸ ਦੀ ਹਾਂ ਦੇ ਵਰਗੀ।

***

ਤੂੰ ਮੇਰੇ ਨੈਣਾਂ 'ਚ ਕੁਝ ਪਲ ਬੰਦ ਹੋ ਜਾਹ।
ਫੁੱਲ ਨਾ ਰਹੁ, ਹੁਣ ਤੂੰ, ਸੂਰਜ, ਚੰਦ ਹੋ ਜਾਹ।
ਮਹਿਕ ਦੇ ਦੇ, ਜ਼ਿੰਦਗੀ ਸਰਸ਼ਾਰ ਕਰ ਦੇ,
ਹਸਤੀਆਂ ਨੂੰ ਮੇਟ ਦੇ ਗੁਲਕੰਦ ਹੋ ਜਾਹ।

***

ਵੇਖ ਪਹਾੜੋਂ ਫੁੱਟਿਆ ਚਸ਼ਮਾ ਨੱਚਦਾ ਫਿਰਦਾ ਨੀਰ।
ਧਰਤੀ-ਮਾਂ ਦਾ ਪੁੱਤਰ ਮੁੜਿਆ, ਫੁੱਲ, ਕਲੀਆਂ ਦਾ ਵੀਰ।
ਆ ਜਾ ਇਸ ਦੀ ਕਲਵਲ ਕੋਲੋਂ ਰਾਗ ਇਲਾਹੀ ਸੁਣੀਏ,
ਤਪਦੀ ਰੂਹ ਨੂੰ ਚੈਨ ਮਿਲੇਗਾ, ਡਾਢਾ ਦਿਲ ਦਿਲਗੀਰ।

***

ਖਿੜਨ ਮਗਰੋਂ ਮਹਿਕ ਵੰਡੀਂ ਜ਼ਿੰਦਗੀ!
ਕੰਡੇ ਦੀ ਵੀ ਤੇਰੇ ਜਿੰਨੀ ਬੰਦਗੀ।
ਸਮਝ ਲੈ ਤੂੰ, ਜਾਣ ਲੈ ਇਸ ਭੇਦ ਨੂੰ,
ਸਾਧਨਾ ਹੁੰਦੀ ਨਹੀਂ ਹੈ ਦਿਲ-ਲਗੀ।

***

ਨੀਂਦਰ ਵਰਗੇ ਖ਼੍ਵਾਬ ਵੀਰਨੋ, ਜਾਗਦਿਆਂ ਹੀ ਆਪ ਉਸਾਰੋ।
ਬੇਗਮਪੁਰ ਦਾ ਸ਼ਹਿਰ ਵਸਾ ਕੇ, ਆਪਣਾ ਅੱਗਾ ਆਪ ਸੰਵਾਰੋ।
ਚੰਗੇ ਦਿਨ ਆਵਣ ਦਾ ਹੋਕਾ, ਹੋਰ ਸੁਣੋਗੇ ਕਦ ਕੁ ਤੀਕਰ,
ਅੰਧੀ ਰਯਤ ਗ਼ਫ਼ਲਤ ਛੱਡੇ, ਗਿਆਨ ਦਾ ਤੇਜ਼-ਤਰੌਂਕਾ ਮਾਰੋ।

***

ਬਾਪੂ ਸਾਡਾ ਵੇਖੋ, ਸਾਡਾ ਬਾਪੂ ਜੀ ਕਮਾਲ।
ਹਰ ਬਾਜ਼ੀ ਜਿੱਤ ਜਾਣਾ ਮੁੱਛ ਦਾ ਸਵਾਲ।
ਬਣਿਆ ਸੀ ਜ਼ਿੰਦਗੀ ਦੇ ਰਣ ਵਿੱਚ ਜੇਤੂ,
ਅੱਸੀਆਂ ਤੋਂ ਵੱਧ ਮਾਣੇ ਹਾੜ੍ਹ ਤੇ ਸਿਆਲ਼।

***

ਜਿਸ ਦਿਨ ਦਾ ਤੂੰ ਰੁੱਸਿਆ ਸੱਜਣਾ, ਗੱਲਾਂ ਕਰਨੀਆਂ ਛੱਡੀਆਂ।
ਦਿਨ ਤਾਂ ਹੋ ਗਏ ਲੰਮ-ਸੁ-ਲੰਮੇ, ਰਾਤਾਂ ਹੋਈਆਂ ਵੱਡੀਆਂ।
'ਕੱਲਿਆਂ ਦੀ ਦੱਸ ਕਾਹਦੀ ਜ਼ਿੰਦਗੀ, ਪੁੱਛਦੇ ਚੰਨ ਤੋਂ ਤਾਰੇ,
ਨਿੱਤ ਦਸਤਕ ਨੂੰ ਪਿਆ ਉਡੀਕਾਂ, ਨਜ਼ਰਾਂ ਬੂਹੇ ਗੱਡੀਆਂ।

***

ਹਰਿਮੰਦਰ ਸਾਹਿਬ ਦੇ ਬੂਹੇ ਬੈਠੀ ਧੀ ਕਰਦੀ ਅਰਦਾਸ।
ਇਸ ਧਰਤੀ ਤੋਂ ਕੂੜ ਨਿਖੁੱਟੇ, ਪੂਰੀ ਕਰ ਦੇ ਆਸ।
ਜੁਗ ਜੁਗ ਜੀਣ ਧਰਤ ਦੇ ਜਾਏ, ਇੱਜ਼ਤ ਪੱਤ ਦੇ ਰਾਖੇ,
ਨਸ਼ਿਆਂ ਤੋਂ ਬਚ ਜਾਵੇ ਧਰਤੀ, ਮਹਿਕਾਂ ਭਰਨ ਸਵਾਸ।

***

ਕਦ ਖੋਲ੍ਹੇਂਗਾ ਹੋਠਾਂ ਉੱਤੋਂ ਚੁੱਪ ਦੇ ਜੰਦਰੇ।
ਬਾਲ਼ ਚਿਰਾਗ਼ ਹਨ੍ਹੇਰ ਮੇਟ ਦੇ, ਮਨ ਦੇ ਮੰਦਰੇ।
ਦੇਵਤਿਆਂ ਨੂੰ ਅਰਘ ਚੜ੍ਹਾਵੇਂ, ਭਟਕ ਨਾ ਐਵੇਂ,
ਹੋਰ ਬੜਾ ਕੁਝ ਛੁਪਿਐ, ਭਾਈ ਤੇਰੇ ਅੰਦਰੇ।

***

ਆਪਣੇ ਨਾਇਕ ਉਡੀਕ ਰਹੇ ਨੇ ਧਰਤੀ ’ਤੇ ਕਮਜ਼ੋਰ।
ਆਪਣੇ ਵਿਚੋਂ ਆਪ ਪਛਾਣੋ, ਨਾਇਕ ਨਹੀਂ ਕੋਈ ਹੋਰ।
ਦੁੱਲਾ, ਬੁੱਲ੍ਹਾ, ਭਗਤ, ਸਰਾਭਾ, ਮਾਵਾਂ ਰੋਜ਼ ਨਾ ਜੰਮਣ,
ਵਕਤ ਉਸਾਰੇ, ਪਰਖੇ ਆਪੇ, ਦੇਵੇ ਬਾਂਕੀ ਤੋਰ।

***

ਨਿੱਕੜੀ ਸੂਈ, ਵੱਟਵਾਂ ਧਾਗਾ, ਰੀਝਾਂ ਦੀ ਫੁਲਕਾਰੀ।
ਇਕ ਇਕ ਤੋਪਾ ਸੁਪਨੇ, ਰੀਝਾਂ, ਜੜਦੀ ਸੁਪਨ-ਉਡਾਰੀ।
ਇਸ ਧਰਤੀ ਦੇ ਪੁੱਤਰਾਂ ਕੋਲੋਂ, ਇੱਕ ਗੱਲ ਭੈਣਾਂ ਪੁੱਛਣ,
ਰੁੱਖ ਨੂੰ ਆਰੀ ਫੇਰਨ ਮਗਰੋਂ, ਕਿਉਂ ਧੀਆਂ ਦੀ ਵਾਰੀ।

***

ਵੇਖ ਲੈ ਤੇ ਮਾਣ ਲੈ ਤੂੰ, ਸੁਰਖ਼ ਪੱਤਾਂ ਦੀ ਬਹਾਰ।
ਮੈਂ ਤਾਂ ਇਹਦੀ ਸਾਲ ਭਰ ਤੋਂ, ਕਰ ਰਿਹਾ ਸਾਂ ਇੰਤਜ਼ਾਰ।
ਬਿਰਖ-ਬੂਟੇ ਧਰਤ-ਮਾਂ ਦਾ ਰਾਂਗਲਾ ਸ਼ਿੰਗਾਰ ਨੇ,
ਏਸ ਨੂੰ ਸ਼ਬਦਾਂ 'ਚ ਕਿੱਦਾਂ ਬੀੜ ਸਕਦਾ ਕਲਮਕਾਰ।

***

ਖਿੜਿਆ ਗ਼ੁਲਾਬ ਪੀਲਾ, ਪਿੱਛੇ ਨੇ ਦੋ ਡੋਡੀਆਂ।
ਜੀਂਦਾ ਰਹੇ ਮਾਲੀ, ਜਿਹੜਾ ਪਾਲ਼ੇ ਕਰ ਗੋਡੀਆਂ।
ਇਹਦਿਆਂ ਨਸੀਬਾਂ ਵਿਚ ਦਿਨ ਕਦੋਂ ਚੜ੍ਹਨਾ,
ਜਿਸ ਦੀਆਂ ਰਾਤਾਂ ਅਜੇ ਓਤੇ ਦੀਆਂ ਓਡੀਆਂ।

***

ਜੁਗ ਜੁਗ ਜੀਣ ਧਰਤ ਦੀਆਂ ਧੀਆਂ।
ਮੰਗਦੀਆਂ ਸੁਖ ਸਭਨਾਂ ਜੀਆਂ।
ਬੰਦਾ ਜੀਵੇ ਭਰਮ ਭੁਲੇਖੇ,
ਬਿਨ ਜਣਨੀ ਤੋਂ ਆਪਾਂ ਕੀਹ ਆਂ।

***

ਆਹ ਇੱਕ ਪੱਤਾ ਲਾਲ ਜਿਹਾ ਹੈ।
ਕੋਮਲ ਬਾਲ ਗੋਪਾਲ ਜਿਹਾ ਹੈ।
ਹੋਂਠ ਜਿਵੇਂ ਮੁਟਿਆਰ ਕਿਸੇ ਦੇ,
ਬਿਲਕੁਲ ਸੁਰਖ਼ ਸਵਾਲ ਜਿਹਾ ਹੈ।

***

ਖਿੜਨਾ ਜੇ ਚਾਹੋ ਦੋਸਤੋ, ਸੱਜਰੇ ਗ਼ੁਲਾਬ ਵਾਂਗ।
ਕੰਡੇ ਚੁਫ਼ੇਰ ਰਹਿਣਗੇ, ਸਾਡੇ ਪੰਜਾਬ ਵਾਂਗ।
ਮੰਦੀ ਨਜ਼ਰ ਤੋਂ ਬਚਣ ਦਾ ਵੱਖਰਾ ਨਹੀਂ ਉਪਾਅ,
ਮਸਤੀ 'ਚ ਰਹਿਣਾ ਝੂੰਮਦੇ, ਖ਼ੁਸ਼ਬੂ ਤੇ ਖ਼੍ਵਾਬ ਵਾਂਗ।

***

ਚੜ੍ਹਿਆ ਬਾਬਾ ਦੀਪ ਸਿੰਘ ਹੱਥ ਖੰਡਾ ਫੜ ਕੇ।
ਆਹੂ ਲਾਹੇ ਵੈਰੀਆਂ ਦੇ ਪਿੱਛੇ ਚੜ੍ਹ ਕੇ।
ਸੀਸ ਤਲੀ 'ਤੇ ਧਰ ਲਿਆ ਯੋਧੇ ਬਲਕਾਰੀ,
ਲਿਸ਼ਕ ਰਹੀ ਸ਼ਮਸ਼ੀਰ ਸੀ ਜਿਉਂ ਬਿਜਲੀ ਕੜਕੇ।

***

ਸਾਡੇ ਜੀ ਗ਼ੁਲਾਬ ਵਿਚੋਂ ਰੰਗ ਕਿਹੜਾ ਲੈ ਗਿਆ?
ਸਾਡੀਆਂ ਕਿਆਰੀਆਂ 'ਚ 'ਨ੍ਹੇਰ ਜਿਹਾ ਪੈ ਗਿਆ।
ਸਾਨੂੰ ਤਾਂ ਸਿਖਾਵੇਂ ਸਾਰੇ ਰੰਗ ਕਰਤਾਰ ਦੇ,
ਤੇਰੇ ਹੁੰਦੇ ਮਾਲੀਆ! ਇਹ ਡਾਕਾ ਕਿਵੇਂ ਪੈ ਗਿਆ?

***

ਜ਼ਿੰਦਗੀ ਉਦਾਸ ਗੀਤ ਐਵੇਂ ਨਾ ਤੂੰ ਗਾਈ ਜਾਹ।
ਕੰਡਿਆਂ ਦੀ ਸੇਜ ਉੱਤੇ ਚਿੱਤ ਪਰਚਾਈ ਜਾਹ।
ਨਾਅਰਿਆਂ ਤੇ ਲਾਰਿਆਂ ਦੇ ਤਾਜਰਾਂ ਨੂੰ ਪੁੱਛ ਖਾਂ,
ਸਦੀਆਂ ਤੋਂ ਕਹਿਣ ਜਿਹੜੇ ਸਾਡੇ ਪਿੱਛੇ ਆਈ ਜਾਹ।

***

ਕਰੇ ਕੀ ਕਬੀਰ ਜੱਗ ਹੋ ਗਿਆ ਸਵਾਰਥੀ।
ਧਰਮੀ ਟਿਕਾਣੇ ਬਣੇ ਵੇਖ ਲਉ ਪਦਾਰਥੀ।
ਬੈਠ ਗਈ ਬਾਜ਼ਾਰ ਵਿਚ ਸਰਸਵਤੀ ਵੇਖ ਲਉ,
ਮੰਡੀ ਵਿਚੋਂ ਲੱਭਦੀ ਹੈ ਆਪ ਵਿਦਿਆਰਥੀ।

***

ਮੇਰਾ ਹੀ ਵਡੇਰਾ ਇਹ ਜੋ ਗੱਡੇ 'ਤੇ ਸਵਾਰ ਹੈ।
ਖੇਤਾਂ ਵਾਲਾ ਰਾਜਾ ਹੋ ਕੇ, ਬੜਾ ਅਵਾਜ਼ਾਰ ਹੈ।
ਦਾਣਿਆਂ ਦੀ ਮੰਡੀ ਹੁਣ ਟੱਬਰ ਨਾ ਪਾਲਦੀ,
ਕਰਜ਼ੇ ਦੀ ਪੰਡ ਵੱਡੀ, ਸਿਰ 'ਤੇ ਸਵਾਰ ਹੈ।

***

ਚੰਗਾ ਨਹੀਉਂ ਹੁੰਦਾ ਇੰਜ ਸੋਚਾਂ 'ਚ ਗਵਾਚਣਾ।
ਚਿੱਠੀਆਂ ਪੁਰਾਣੀਆਂ ਨੂੰ ਘੜੀ ਮੁੜੀ ਜਾਂਚਣਾ।
ਨੈਣਾਂ 'ਚ ਉਮੀਦਾਂ ਦੇ ਚਿਰਾਗ਼ ਰੱਖੋ ਜਗਦੇ,
ਚੰਗਾ ਹੁੰਦੈ ਜ਼ਿੰਦਗੀ ਨੂੰ ਨੇੜੇ ਹੋ ਕੇ ਵਾਚਣਾ।

***

ਨੀ ਤੂੰ ਬੋਲ, ਬੋਲ, ਬੋਲ, ਘੁੰਡੀ ਦਿਲ ਵਾਲੀ ਖੋਲ੍ਹ।
ਮੱਥੇ ਸੂਰਜੇ ਦਾ ਟਿੱਕਾ, ਚਿਹਰਾ ਚੰਦ ਤੇਰੇ ਕੋਲ।
ਕਦੇ ਮਿਲਾਂਗੇ ਜੀ, ਹੋਏ ਜੇ ਸੰਜੋਗ ਜ਼ੋਰਾਵਰ,
ਫੇਰ ਕੋਲ ਬਹਿ ਕੇ ਸੁਣਾਂਗੇ ਜੀ, ਮਿੱਠੇ ਮਿੱਠੇ ਬੋਲ।

***

ਆਖੇਂ ਕਾਹਨੂੰ ਬਾਬਲਾ ਤੂੰ ਧੀਆਂ ਨੂੰ ਵਿਚਾਰੀਆਂ।
ਚੰਨ ਉੱਤੇ ਪੈੜਾਂ ਪਾਈਆਂ, ਸਾਡੀਆਂ ਉਡਾਰੀਆਂ।
ਪੁੱਤਰਾਂ ਨੂੰ ਪੁੱਚ ਪੁੱਚ, ਛੱਡ ਦੇ ਰਿਵਾਜ ਨੂੰ,
ਕੁੱਖ ਵਿਚ ਖਾਣ ਸਾਨੂੰ ਰੁੱਤਾਂ ਟੂਣੇਹਾਰੀਆਂ।

***

ਉੱਡ ਉੱਡ ਚਿੜੀਏ ਨੀ, ਤੂੰ ਬਹਿ ਗਈ ਟਾਹਣੀ।
ਅੰਬਰ ਵਿਚ ਪਹੁੰਚ ਗਏ, ਸਭ ਤੇਰੇ ਹਾਣੀ।
ਖੰਭਾਂ ਨੂੰ ਤੁਰਤ ਜਗਾ ਤੇ ਫੁਰਤੀ ਫੜ ਲੈ,
ਬੈਠੀ ਤਾਂ ਬਣ ਜਾਣਾ, ਤੇਰੇ ਖ਼ੂਨ ਦਾ ਪਾਣੀ।

***

ਜਿਸ ਧਰਤੀ ਨੂੰ ਵਿੱਸਰ ਜਾਂਦੇ ਆਪਣੇ ਲੋਕ ਲਿਖਾਰੀ।
ਰੋਕ ਨਹੀਂ ਸਕਦਾ ਫਿਰ ਕੋਈ, ਰੁੱਖਾਂ ਦੇ ਮੁੱਢ ਆਰੀ।
ਨਾਨਕ ਸਿੰਘ ਗੁਰਬਖ਼ਸ਼, ਪ੍ਰੀਤੀ-ਡੋਰਾਂ ਜੋੜਨਹਾਰੇ,
ਭੁੱਲ ਭੁਲਾ ਗਏ ਪੁੱਤਰ ਧੀਆਂ, ਮੱਤ ਗਈ ਹੈ ਮਾਰੀ।

***

ਏਨੀ ਜੇ ਇਕੱਲ ਪੈਣ ਕੁੱਤੇ ਨਾਲ ਯਾਰੀਆਂ।
ਮਮਤਾ-ਪਿਆਰ ਮੁੱਢ ਆਪ ਫੇਰੋ ਆਰੀਆਂ।
ਕਿਹੋ ਜਹੇ ਭਵਿੱਖ ਨੂੰ ਉਸਾਰ ਰਹੇ ਹਾਂ ਦੋਸਤੋ!
ਸ਼ੌਂਰੇ ਕਿਹੜੇ ਕੰਮੀਂ ਗ਼ਲਤਾਨ ਨਰ-ਨਾਰੀਆਂ।

***

ਕਿਵੇਂ ਪੜ੍ਹ ਲਵਾਂ ਯਾਰਾ! ਤੇਰੀ ਅੱਖ 'ਚੋਂ ਕਹਾਣੀ।
ਕਿਹੜੀ ਅੱਖ ਵਿਚ ਹੰਝੂ, ਕਿਹੜੀ ਅੱਖ ਵਿਚ ਪਾਣੀ।
ਬੈਠੇ ਜਾਪਦੇ ਨੇ ਦਿਲ ਉੱਤੇ ਪੀੜਾਂ ਦੇ ਪਹਾੜ,
ਫੁੱਟੂ ਚਸ਼ਮਾ ਤੂੰ ਵੇਖੀਂ, ਕਦੇ ਆਪ ਇਨ੍ਹਾਂ ਥਾਣੀਂ।

***

ਵੇਖੋ ਰੱਬ ਰੂਪ ਦਿੱਤਾ ਏਸ ਮੁਟਿਆਰ ਨੂੰ।
ਚਿੱਤ ਕਰੇ ਵੇਖੀ ਜਾਵਾਂ, ਫੁੱਲਾਂ ਦੀ ਬਹਾਰ ਨੂੰ।
ਏਨੀ ਦੂਰੋਂ ਸ਼ੌਂਰੇ ਕਿਵੇਂ ਆਉਂਦੀਆਂ ਸੁਗੰਧੀਆਂ,
ਰੱਖੀਂ ਤੂੰ ਖ਼ੁਦਾਇਆ! ਸਦਾ ਕਾਇਮ ਗੁਲਜ਼ਾਰ ਨੂੰ।

***

ਸਾਡੇ ਕੋਲ ਆ ਕੇ ਮੁੜ ਗਈ ਮੁਹੱਬਤਾਂ ਦੀ ਡਾਰ।
ਕਿੱਦਾਂ ਜਿੰਦ ਇਹ ਨਿਮਾਣੀ, ਝੱਲੇ ਓੜਕਾਂ ਦਾ ਭਾਰ।
ਤੇਰੇ ਰਾਹਾਂ ਵਿਚ ਖੜ੍ਹੇ, ਬਣ ਬਿਰਖਾਂ ਦੇ ਸਾਏ,
ਸਾਡੇ ਟਾਹਣਾਂ ਉੱਤੇ ਨ੍ਹੇਰੀਏ ਤੂੰ ਕਹਿਰ ਨਾ ਗੁਜ਼ਾਰ।

***

ਫ਼ਾਸਲੇ ਰੱਖੇਂ ਭਲਾ ਕਿਉਂ ਜ਼ਿੰਦਗੀ।
ਕੀ ਅਧੂਰੀ ਹੈ ਅਜੇ ਵੀ ਬੰਦਗੀ।
ਸਾਡੀਆਂ ਵੀ ਰੱਬ ਦੇ ਹੱਥ ਡੋਰੀਆਂ,
ਹੋਰ ਕਰ ਲੈ, ਹੋਰ ਕਰ ਲੈ, ਦਿਲ-ਲਗੀ।

***

ਵੇਖ ਲੈ, ਨੈਣਾਂ 'ਚ ਤੇਰਾ ਨੂਰ ਹੈ।
ਤੇਰੀ ਦਸਤਕ ਸੁਣਨ ਲਈ ਮਖ਼ਮੂਰ ਹੈ।
ਮਹਿਕ ਨੂੰ ਪੌਣਾਂ ਦੇ ਹੱਥੀਂ ਭੇਜ ਦੇ,
ਜਿਸਮ ਨੂੰ ਜਾਪੇ ਜੇ ਪੈਂਡਾ ਦੂਰ ਹੈ।

***

ਦਰਦ ਸੁੱਤਾ ਜਦ ਕਦੇ ਵੀ ਬੋਲਦਾ ਹੈ।
ਆਪਣੇ ਦੁੱਖਾਂ 'ਚੋਂ ਮਲ੍ਹਮ ਟੋਲਦਾ ਹੈ।
ਰਿਸ਼ਤਿਆਂ ਦੀ ਰੇਤ ਕਿਰ ਗਈ ਮੁੱਠ 'ਚੋਂ,
ਚੁੱਪ ਵਿਚੋਂ ਨਕਸ਼ ਗੁੰਮੇ ਫ਼ੋਲਦਾ ਹੈ।

***

ਨਿਰਮਲ ਨੀਰ ਨਿਰੰਤਰ ਧਾਰਾ।
ਗੁਰ ਕਾ ਸ਼ਬਦ ਸੁਨਾਵਣਹਾਰਾ।
ਚਿਰ ਹੋਇਆ ਹੈ ਦਰਸ਼ਨ ਕੀਤੇ,
ਬਹੁਤ ਉਡੀਕੇ ਮਨ ਦਾ ਦੁਆਰਾ।

***

ਚਲੋ ਰਾਤ ਨੂੰ ਵਿਖਾਉ ਹੁਣ ਦਿਲ ਵਾਲੀ ਅੱਗ।
ਕਿਵੇਂ ਮੰਡੀ ਵਿਚ ਰੁਲ਼ੇ ਸਾਡੇ ਬਾਬਲੇ ਦੀ ਪੱਗ।
ਕਿਵੇਂ ਫਿਰਦੇ ਗਵਾਚੇ ਕੜੀ ਵਰਗੇ ਜਵਾਨ,
ਰਾਜ ਭਾਗ ਨੇ ਬਣਾਏ ਕਿਵੇਂ ਪਸ਼ੂਆਂ ਦੇ ਵੱਗ।

***

ਸਾਨੂੰ ਭੁੱਲ ਗਏ ਸ਼ਹੀਦ, ਨਾਲੇ ਵੱਡਾ ਘੱਲੂਘਾਰਾ।
ਸਿੰਘ ਪੈਂਤੀ ਕੁ ਹਜ਼ਾਰ ਵੱਢੇ ਜ਼ਾਲਮਾਂ ਦਾ ਆਰਾ।
ਅਸੀਂ ਚੋਣਾਂ ਦੇ ਮੈਦਾਨ 'ਚ ਗੁਆਚ ਗਏ ਹਾਂ ਏਨੇ,
ਸਾਨੂੰ ਜਾਪਦੈ ਗ਼ੁਲਾਮੀ ਫੇਰ ਆਏਗੀ ਦੁਬਾਰਾ।

***

ਰੰਗ ਖ਼ੁਸ਼ੀ ਦਾ ਗੁਲਾਬੀ, ਵੇ ਮੈਂ ਚੁੰਨੀ ਨੂੰ ਰੰਗਾਣਾ।
ਮੈਂ ਵੀ ਮਾਹੀ ਵਾਲੇ ਰੰਗ ਵਿਚ ਘੁਲ ਮਿਲ ਜਾਣਾ।
ਮੈਨੂੰ ਵਰਜੀਂ ਨਾ ਮਾਏ, ਇਹ ਹੈ ਟੂਣੇ ਹਾਰੀ ਰੁੱਤ,
ਖਿੜੇ ਫੁੱਲਾਂ ਵੱਲ ਵੇਖ, ਪਾਇਆ ਮੈਂ ਵੀ ਓਹੀ ਬਾਣਾ।

***

ਨੀਲੇ ਰੰਗ ਵਿਚ ਚੁੰਨੀ ਮੇਰੀ ਰੰਗ ਦੇ ਲਲਾਰੀ।
ਮੈਂ ਵੀ ਅੰਬਰਾਂ 'ਚ ਲਾਉਣੀ ਬਿਨ ਖੰਭਾਂ ਤੋਂ ਉਡਾਰੀ।
ਵੇਖ ਘਟ ਘਨਘੋਰ, ਕਿਵੇਂ ਪੈਲਾਂ ਪਾਉਂਦੇ ਮੋਰ,
ਵੇਖ ਖੰਭਾਂ ਵਿਚ ਨੱਚੇ, ਸੱਤ-ਰੰਗੀ ਫੁਲਕਾਰੀ।

***

ਰੱਬ ਦੇ ਘਰ ਵਿਚ ਦੇਰ ਤਾਂ ਹੈ, ਅੰਧੇਰ ਨਹੀਂ ਹੈ।
ਇਕੋ ਤਾਰਾ ਡੁੱਬਿਆ, ਚੜ੍ਹੀ ਸਵੇਰ ਨਹੀਂ ਹੈ।
ਪਾਪ ਦੀ ਜੰਞ ਵਿਚ, ਸੁੱਚੇ ਕਿੱਥੋਂ ਲੱਭ ਲਿਆਈਏ,
ਇੱਕ ਵੀ ਚਿਹਰਾ ਉੱਜਲਾ, ਚਾਰ-ਚੁਫ਼ੇਰ ਨਹੀਂ ਹੈ।

***

ਚੰਨ-ਚਾਨਣੀ ਉਦਾਸ, ਹੋ ਗਏ ਸੰਘਣੇ ਹਨ੍ਹੇਰੇ।
ਮੋਈਆਂ ਮੱਛੀਆਂ ਵਿਕਾਊ, ਹੋਕਾ ਸ਼ਾਮ ਤੇ ਸਵੇਰੇ।
ਮੈਨੂੰ ਪੁੱਛਦੀ ਏ ਕਈ ਵਾਰੀ ਦਿਲ ਦੀ ਆਵਾਜ਼,
ਕਦੇ ਬੋਲਦਾ ਨਾ ਕਾਗ, ਹੁਣ ਰੀਝਾਂ ਦੇ ਬਨੇਰੇ।

***

ਪੰਛੀਆਂ ਸਿਰ ਕਰਮ ਏਨਾ, ਗਰਮੀਆਂ ਵਿਚ ਕਰ ਦਿਓ।
ਭਰ ਪਿਆਲਾ ਨੀਰ ਨਿਰਮਲ, ਬਿਰਖ਼ ਛਾਵੇਂ ਧਰ ਦਿਓ।
ਜਿਸਮ ਤਾਂ ਮਿੱਟੀ ਦੀ ਢੇਰੀ, ਬਿਨਸਣਾ ਇਹ ਬਿਨਸਣਾ,
ਏਸ ਹੱਥੋਂ ਬਿਰਖ ਲਾ ਕੇ, ਧਰਤ ਸਾਵੀ ਕਰ ਦਿਓ।

***

ਅਸੀਂ ਆਈ 'ਤੇ ਜੇ ਆ ਗਏ, ਤਾਂ ਬੁਰਿਆਂ ਦੇ ਘਰ ਤੱਕ ਜਾਵਾਂਗੇ।
ਇਹ ਜਾਨ ਬਚਾ ਕੇ ਕੀਹ ਰੱਖਣੀ, ਫਿਰ ਪੈਰ ਪਿਛਾਂਹ ਨਾ ਪਾਵਾਂਗੇ।
ਤੂੰ ਧਰਮ ਦੇ ਨਾਂ 'ਤੇ ਲੋਕਾਂ ਨੂੰ, ਭੜਕਾਉਂਦਾ ਏ, ਤੜਫਾਉਂਦਾ ਏਂ,
ਧਰਤੀ ਨਹੀਂ ਤੈਨੂੰ ਥਾਂ ਦੇਣੀ, ਜਦ ਲੋਕਾਂ ਨੂੰ ਸਮਝਾਵਾਂਗੇ।

***

ਕਰਜ਼ਿਆਂ ਦੀ ਪੰਡ ਭਾਰੀ ਧੌਣ ਤੇ, ਕੋਈ ਨਾ ਅੰਤ ਹਿਸਾਬ।
ਪਤਾ ਨਹੀਂ ਕਿਉਂ ਆਖੀ ਜਾਈਏ, ਰੰਗਲਾ ਦੇਸ਼-ਪੰਜਾਬ।
ਕੁੱਲ ਦੁਨੀਆਂ ਦਾ ਰਾਜਕ ਦਾਤਾ, ਪਾਂਡੀ ਬਣਿਆ ਵੇਖੋ,
ਮਿੱਧ ਸੁੱਟਿਆ ਜਰਵਾਣਿਆਂ, ਖਿੜਿਆ ਸਾਡਾ ਸੁਰਖ਼ ਗੁਲਾਬ।

***

ਜੇ ਜੀਣੈਂ ਤੂੰ ਸੱਜਰੇ ਸਾਹੀਂ, ਖੁੱਲ੍ਹੇ ਰੱਖ ਲੈ ਦਿਲ-ਦਰਵਾਜ਼ੇ।
ਪੌਣ-ਪਰਿੰਦੇ ਆ ਜਾ ਸਕਦੇ ਇਸ ਰਾਹ ਥਾਣੀਂ ਬੇਆਵਾਜ਼ੇ।
ਬੂਹੇ ਬੰਦ ਖਿੜਕੀਆਂ ਪਰਦੇ, ਮਰਨ ਤਿਆਰੀ ਲੱਗਦੀ ਤੇਰੀ,
ਕੰਧਾਂ ਵਿੱਚ ਤਰੇੜਾਂ ਪਾਟਣ ਜਿਸ ਘਰ ਸੁਪਨੇ ਆਉਣ ਨਾ ਤਾਜ਼ੇ।

***

ਲੰਮੀ ਰਾਤ ਹਨ੍ਹੇਰੀ ਭਾਵੇਂ, ਮੈਨੂੰ ਡਰ ਨਹੀਂ ਖਾਂਦਾ।
ਚਾਨਣ ਦਾ ਵਣਜਾਰਾ ਸੂਰਜ, ਕੌਣ ਕਹੇ ਮਰ ਜਾਂਦਾ।
ਫ਼ਰਜ਼ ਨਿਭਾਉਂਦਾ ਫਿਰਦਾ ਹੈ ਇਹ ਹਰ ਧਰਤੀ ਹਰ ਵਿਹੜੇ,
ਸਾਡੀ ਖ਼ਾਤਰ ਜਗਦਾ ਮਘਦਾ, ਆਪਣੇ ਘਰ ਨਹੀਂ ਜਾਂਦਾ।

***

ਖੇਡ ਰਹੀ ਫੁੱਲਾਂ ਤੇ ਕਾਟੋ, ਪਤਾ ਨਹੀਂ ਕੀ ਖਾਵੇ।
ਸਮਝ ਨਾ ਆਵੇ, ਤੁਕ ਤੁਕ ਤੁਕ ਕਿਹੜਾ ਗੀਤ ਸੁਣਾਵੇ।
ਹਰੇ ਕਚੂਰ ਮਖ਼ਮਲੀ ਘਾਹ ਤੇ ਵਿਛੀ ਵੇਖ ਫੁਲਕਾਰੀ,
ਇੰਜ ਲੱਗਦੈ, ਬਲਿਹਾਰੀ ਦੇ ਹੀ ਬੈਠੀ ਸੋਹਿਲੇ ਗਾਵੇ।

***

ਰੁੱਤ ਬਸੰਤੀ, ਸੂਰਜ ਦਾ ਰੱਥ, ਪਹੁੰਚਾ ਦਿਲ ਦੀ ਜੂਹੇ।
ਫੁੱਲ-ਪੱਤੀਆਂ ਤੇ ਮਹਿਕ ਲਿਆਇਆ, ਖੋਲ੍ਹ ਸੱਜਣ ਤੂੰ ਬੂਹੇ।
ਜੰਤ ਪਰਿੰਦੇ ਟਾਹਣੀ-ਟਾਹਣੀ ਦਸਤਕ ਦੇਵਣ ਆਏ,
ਕਰਨ ਸੁਆਗਤ ਕਿਰਨਾਂ ਤਾਹੀਂਓਂ, ਵੇਖ ਖਿੜੇ ਫੁੱਲ ਸੂਹੇ।

***

ਡੋਡੀ ਦੇ ਧੁਰ ਅੰਦਰ ਕੀ ਹੈ, ਨਜ਼ਰਾਂ ਗੱਡੀਆਂ ਜਾਨਣ ਖ਼ਾਤਰ।
ਪੁੱਠੀ ਲਮਕੀ ਚਿੜੀ ਵੇਖ ਲਉ ਫੁੱਲਾਂ ਦਾ ਰਸ ਮਾਨਣ ਖ਼ਾਤਰ।
ਤਲਬ, ਤ੍ਰਿਸ਼ਨਾ ਕਿੱਥੇ, ਕਿੱਦਾਂ, ਸਾਨੂੰ ਹੈ ਸਿਰ ਪਰਨੇ ਕਰਦੀ,
ਭਟਕਣ ਛੱਡੀਏ, ਲਟਕ ਲਗਾਈਏ, ਰੂਹ ਦੇ ਚਾਨਣ ਖਾਤਰ।

***

ਟਾਹਣੀ ਬੈਠੀ ਬੁਲਬੁਲ ਬੋਲੇ, ਅੰਬਰ ਧਰਤੀ ਦੋਵੇਂ ਮੇਰੇ।
ਬੰਦਿਆ ਤੂੰ ਹੰਕਾਰ ਪੁਲੰਦਾ, ਦੱਸ ਤੂੰ ਪੱਲੇ ਕੀ ਹੈ ਤੇਰੇ?
ਵਿੱਚ ਖ਼ਵਾਬਾਂ ਉੱਡਦਾ ਰਹਿੰਦੈਂ, ਨਕਲੀ ਪੰਖ ਉਧਾਰੇ ਲੈ ਕੇ,
ਸੂਰਜ ਸ਼ੀਸ਼ਾ ਵੇਖ ਲਿਆ ਕਰ, ਸੁੱਚੇ ਮੂੰਹ ਤੂੰ ਰੋਜ਼ ਸਵੇਰੇ।

***

ਬਿਰਖ਼ ਨਿਪੱਤਰੇ ਦੀ ਟਾਹਣੀ ਤੇ ਬੈਠੀ ਚਿੜੀਆ ਸੋਚੇ।
ਇਸ ਧਰਤੀ ਤੇ ਕੌਣ ਨਾ-ਸ਼ੁਕਰਾ, ਜੋ ਇਸ ਦੇ ਪੱਤ ਨੋਚੇ।
ਜ਼ਿੰਦਗੀ ਤਾਂ ਹਰਿਆਵਲ ਦਾ ਨਾਂ, ਪੌਣ ਪਰਾਗੇ ਵੰਡੇ,
ਆਵੇ ਰੁੱਤ-ਬਸੰਤੀ, ਫੁੱਟਣ ਲਗਰਾਂ, ਦਮ ਦਮ ਲੋਚੇ।

***

ਆਸ ਉਮੀਦ ਪਰਿੰਦਾ ਬਣ ਕੇ ਬਹਿ ਗਈ ਤਾਰ ਦੇ ਉੱਤੇ।
ਕੰਧ ਉਹਲੇ ਪਰਦੇਸ ਨਾ ਰਹਿਣਾ, ਭਾਗ ਜਾਗਣੇ ਸੁੱਤੇ।
ਸ਼ਗਨਾਂ-ਮੱਤੀ ਮਧੁਰ ਮਾਧੁਰੀ ਦੇਵੇ ਅਮਨ ਸੁਨੇਹਾ,
ਨਾਨਕ ਲਾਂਘੇ ਸਬਕ ਸੁਣਾਇਆ ਸੁਣੋ ਬਾਰੂਦੀ ਰੁੱਤੇ।

***

ਘੁੱਗੂ ਘੂੰ ਕਰੇ ਦਿਨ ਚੜ੍ਹਿਆਂ, ਘੁੱਗੀ ਰੋਜ਼ ਸਵੇਰੇ।
ਇਹਦੀ ਰੀਸ ਕਰਦਿਆਂ ਸੁਪਨੇ, ਮੱਲਦੇ ਆਣ ਬਨੇਰੇ।
ਅਮਨ—ਸੁਨੇਹਾ ਦੇਵੇ ਇਹ ਤਾਂ, ਸੁਣ ਲਉ ਜੀ ਕੰਨ ਲਾ ਕੇ,
ਸਾਡੀ ਖੇਤੀ ਚਰ ਨਾ ਜਾਵਣ, ਫ਼ਸਲੀ ਸਬਜ਼ ਬਟੇਰੇ।

***

ਤਾਰ ਤੇ ਬੈਠਾ ਪੰਛੀ ਸੋਚੇ, ਬੈਠ ਰਹਾਂ ਜਾਂ ਭਰਾਂ ਉਡਾਰੀ।
ਉੱਚੀ ਥਾਂ ਨੇ ਕੁਝ ਨਹੀਂ ਦਿੱਤਾ, ਧਰਤੀ ਸਭ ਲਈ ਚੋਗ ਖਿਲਾਰੀ।
ਪਰ ਮੇਰਾ ਮਨ ਕੈਸਾ ਪੰਛੀ, ਧਰਤੀ ਨੂੰ ਛੱਡ ਅੰਬਰੀਂ ਉੱਡਦਾ,
ਸਮਝ ਨਾ ਲੱਗੇ, ਗ਼ਰਜ਼ਾਂ ਮੇਰੀ, ਏਨੀ ਵੀ ਕਿਉਂ ਮੱਤ ਹੈ ਮਾਰੀ।

***

ਫੁੱਲ ਕਿਰਦੇ ਜਦ ਬਿਰਖ਼ਾਂ ਮੂੰਹੋਂ ਧਰਤ ਬਣੇ ਫੁਲਕਾਰੀ ਵਰਗੀ।
ਦਾਣਾ ਦੁਣਕਾ ਚੁਗਦੀ ਚਿੜੀਆ ਲੱਗਦੀ ਰਾਜ ਦੁਲਾਰੀ ਵਰਗੀ।
ਗੂੜੀ ਨੀਂਦਰ ਸੁੱਤਿਆ ਬੰਦਿਆ, ਅੱਖਾਂ ਖੋਲ੍ਹ ਨਿਹਾਰ ਬਰਕਤਾਂ,
ਹਰ ਕਿਣਕੇ ਦੀ ਹਸਤੀ ਤੈਨੂੰ, ਦਿਸ ਪਊ ਪਰਉਪਕਾਰੀ ਵਰਗੀ।

***

ਚੋਗ ਚੁਗਣ ਮਹਿਮਾਨ ਪਰਿੰਦੇ ਕਿਹੜੇ ਦੇਸੋਂ ਆਏ।
ਅਤਾ ਪਤਾ ਬਿਨ ਪੁੱਛਿਆਂ, ਸਾਡੇ ਵਿਹੜੇ ਆ ਮਹਿਕਾਏ।
ਸਗਲ ਸ੍ਰਿਸ਼ਟੀ ਦਰਵੇਸ਼ਾਂ ਦੀ ਬੁੱਕਲ ਵਰਗੀ ਜਾਣੋ,
ਮਿਲਿਆਂ ਗਿਲਿਆਂ ਮਿਟਣ ਫ਼ਾਸਲੇ, ਹੇ! ਧਰਤੀ ਦੇ ਜਾਏ।

***

ਹਰੇ ਕਚੂਰ ਮਖ਼ਮਲੀ ਘਾਹ ਤੇ ਪੰਛੀ ਤੋਰ ਮਟਕਣੀ ਚੱਲਦਾ।
ਪਰ ਪਰਛਾਵਾਂ ਕਿੱਥੇ ਲੁਕਿਆ ਭੇਤ ਪਵੇ ਨਾ ਏਸੇ ਗੱਲ ਦਾ।
ਬਹੁਤੇ ਲੋਕੀਂ ਏਸ ਤਰ੍ਹਾਂ ਹੀ, ਆਪਣਾ ਚਿਹਰਾ ਫਿਰਨ ਲੁਕਾਉਂਦੇ,
ਮੀਸਣੀਆਂ ਮੁਸਕਾਨਾਂ ਕਾਰਨ, ਅਸਲ ਨਕਲ ਦਾ ਭੇਤ ਨਾ ਚੱਲਦਾ।

***

ਲੁਕਦੇ ਫਿਰੀਏ ਧੁੱਪ ਤੋਂ ਡਰਦੇ ਸੜਦੀ ਤਪਦੀ ਗਰਮੀ ਰੁੱਤੇ।
ਸਾਡੇ ਵਿਹੜੇ ਪੰਛੀ ਬੈਠਾ ਫੁੱਲਾਂ ਲੱਦੀਆਂ ਟਾਹਣੀਆਂ ਉੱਤੇ।
ਸ਼ਾਮ ਸਵੇਰੇ ਜਪੀਏ ਸਾਰੇ ਮਿਲਣਾ ਨਹੀਂ ਇਹ ਜਨਮ ਦੁਬਾਰਾ,
ਅੱਧੀਉਂ ਬਹੁਤੀ ਉਮਰ ਗਵਾਈ, ਫਿਰ ਵੀ ਸਭ ਨੇ ਨੀਂਦ ਵਿਗੁੱਤੇ।

***

ਚਿਤਰੇ ਵਸਤਰ ਪਹਿਨ ਬਿਰਖ਼ ਤੇ ਪੰਛੀ ਲੱਗਦੈ ਬੜਾ ਸੁਰੀਲਾ।
ਪਰ ਜੇ ਸੁਰਤਿ ਟਿਕਾ ਕੇ ਸੁਣੀਏ, ਰੂਹ ਦਾ ਰਾਗ ਬੜਾ ਦਰਦੀਲਾ।
ਵਤਨ ਪਰਾਇਆ ਜਾਪੇ ਇਸਦਾ, ਲੱਗਦਾ ਇਹ ਵਿੱਛੜਿਆ ਡਾਰੋਂ,
ਚੋਗ ਚੁਗਣ ਲਈ ਕਿੱਥੋਂ ਕਿੱਥੇ, ਲੈ ਆਈ ਕੁਦਰਤ ਦੀ ਲੀਲ੍ਹਾ।

***

ਟਾਹਣੀ ਬੈਠੀ ਕੋਇਲ ਗਾਵੇ ਰੂਹ ਦੇ ਰਾਗ ਅਲਾਪੇ।
ਕੱਲ ਮੁ-ਕੱਲ੍ਹਿਆ ਬਹਿ ਕੇ ਕੱਟਣੇ ਸੌਖੇ ਨਹੀਂ ਇਕਲਾਪੇ।
ਬਿਰਹੋਂ ਕੀਤਾ ਕਾਲਾ ਚੋਲ਼ਾ ਜਿਵੇਂ ਫ਼ਰੀਦ ਸੁਣਾਇਆ,
ਸੱਜਣਾਂ ਬਾਝ ਬਹਾਰਾਂ ਰੁੱਸਣ, ਸਭ ਜੱਗ ਕਬਰਾਂ ਜਾਪੇ।

***

ਪੋਹ ਦੇ ਸਰਦ ਮਹੀਨੇ ਪੱਲ੍ਹਰਨ ਪੈਲੀਆਂ ਦੇ ਵਿੱਚ ਕਣਕਾਂ ਉੱਗੀਆਂ।
ਦੂਜੇ ਪਾਸੇ ਮਹਿਲਾਂ ਨੇੜੇ, ਕੰਬਦੀਆਂ ਪਾਲ਼ੇ ਵਿੱਚ ਝੁੱਗੀਆਂ।
ਆਲ੍ਹਣਿਆਂ ਬਿਨ ਟਾਹਣੀ ਉੱਤੇ ਕੱਕਰੀ ਰਾਤੇ ਹਰੀਅਲ ਏਦਾਂ,
ਖੰਭਾਂ ਦੀ ਬੁੱਕਲ ਵਿੱਚ ਅਗਨੀ ਸਾਂਭਦੀਆਂ ਨੇ ਜੀਕੂੰ ਘੁੱਗੀਆਂ।

***

ਸੋਚ-ਸਮੁੰਦਰ ਦੇ ਵਿੱਚ ਡੁੱਬੀ, ਚਿੜੀ ਵਿਚਾਰੀ ਸੋਚੇ।
ਧਰਤੀ ਦਾ ਹਰ ਬੰਦਾ ਸ਼ਿਕਰਾ, ਕਿਉਂ ਮੇਰੇ ਪਰ ਨੋਚੇ।
ਧਰਤ, ਅਕਾਸ਼, ਬਗੀਚੇ, ਫ਼ਲ, ਫੁੱਲ, ਸਭ ਰੰਗ ਬੜੇ ਜ਼ਰੂਰੀ,
ਇਹ ਸਾਰਾ ਕੁਝ ਜਾਣਾਂ, ਮਾਣਾਂ, ਮੇਰਾ ਦਿਲ ਵੀ ਲੋਚੇ।

***

ਬੈਠ ਕਬੂਤਰ ਕਰੇ ਗੁਟਰਗੂੰ ਗਲ਼ ਵਿੱਚ ਕਾਲ਼ੀ ਗਾਨੀ।
ਘੁੱਗੀਆਂ ਨਾਲ ਤੁਰਦਿਆਂ ਵੇਖੋ, ਤੋਰ ਤੁਰੇ ਮਸਤਾਨੀ।
ਇਹ ਵੀ ਉਸ ਕਰਤਾਰ ਸਿਰਜਿਆ ਜਿਸ ਨੂੰ ਤੂੰ ਮੈਂ ਸਾਰੇ,
ਪਰ ਇਹ ਭੋਲ਼ਾ ਫਸ ਜਾਂਦਾ ਹੈ, ਵੇਖ ਜਾਲ਼-ਸੁਲਤਾਨੀ।

***

ਜਾਗੋ ਮੀਟੀ ਦੇ ਵਿਚ ਕੀ ਕੀ ਕਹਿ ਗਏ ਆਂ।
ਕੰਧ ਓਹਲੇ ਪ੍ਰਦੇਸ ਬਣਾ ਕੇ ਬਹਿ ਗਏ ਆਂ।
ਚਾਰ ਦੀਵਾਰੀ ਕਰਕੇ ਕਿਰਚਾਂ ਗੱਡ ਲਈਆਂ,
ਘਰ ਦੇ ਅੰਦਰ ਕੈਦੀ ਬਣ ਕੇ ਰਹਿ ਗਏ ਆਂ।

***

ਸੁਣੋ ਸੁਣੋ ਕੀ ਕਹਿੰਦੀ ਤਿੱਤਲੀ, ਫੁੱਲ ਦੇ ਕੰਨਾਂ ਅੰਦਰ।
ਤੂੰ ਹੀ ਮੇਰਾ ਇਸ਼ਟ ਪੁਰਾਣਾ, ਤੂੰ ਹੀ ਮਸਜਿਦ ਮੰਦਰ।
ਖਿੜਨਾ ਖਿੜ ਕੇ ਖੇੜਾ ਵੰਡਣਾ, ਭਰਨੇ ਰੰਗ ਚੁਫ਼ੇਰੇ,
ਤੇਰੀ ਮੇਰੀ ਪ੍ਰੀਤ ਪਕੇਰੀ ਕਿਹੜਾ ਲਾਵੇ ਜੰਦਰ।

***

ਕੁਦਰਤ ਦੀ ਹੈ ਵੱਖ ਹਕੂਮਤ, ਮੰਨਦੇ ਕੀਟ ਪਤੰਗੇ।
ਬੰਦਿਆਂ ਦੀ ਅਣਗਹਿਲੀ ਤਾਹੀਂਉਂ, ਫ਼ਿਕਰਾਂ ਸੂਲੀ ਟੰਗੇ।
ਸੱਜਾ ਹੱਥ ਅੱਜ ਖੱਬਿਉਂ ਡਰਦਾ, ਮਿਲਣੋਂ ਹੈ ਇਨਕਾਰੀ,
ਜੋ ਪਹਿਲਾਂ ਹੀ ਸੰਭਲ਼ ਤੁਰਦੇ, ਉਹ ਹੀ ਰਹਿੰਦੇ ਚੰਗੇ।

***

ਜੋ ਮਨੁੱਖੀ ਜਾਨ ਲੈਂਦਾ, ਓਸ ਨੂੰ ਸਮਝੋ ਹੈਵਾਨ।
ਦੇਸ਼ ਭਗਤੋ, ਖ਼ੁਦ ਪ੍ਰਸਤੋ, ਕਰ ਦਿਓ ਫੌਰੀ ਐਲਾਨ।
ਤਰਕ ਬੁੱਧੀ ਨੂੰ ਸੰਭਾਲੋ, ਫਿਰ ਨਿਸ਼ਾਨਾ ਸੇਧਿਓ,
ਤੀਰ ਤੰਦੀ ਚਾੜ੍ਹ ਰੱਖੋ, ਅਕਲ ਦੀ ਕੱਸ ਕੇ ਕਮਾਨ।

***

ਆ ਨੀ ਤਿਤਲੀਏ ਰਸ ਰੰਗ ਲੈ ਜਾ, ਬਹੁਤ ਉਡੀਕ ਕਰਾਈ।
ਰੁੱਤ ਬਸੰਤ ਮਿਲਾਪਾਂ ਵਾਲੀ, ਸਾਡੇ ਖ਼ਾਤਰ ਆਈ।
ਦੇ ਜਾ ਕੁਝ, ਕੁਝ ਮੈਥੋਂ ਲੈ ਜਾ, ਦੂਰ ਬੈਠਿਆਂ ਵੰਡ ਦੇ,
ਦਿਲ ਮਿਲਿਆਂ ਦੇ ਮੇਲੇ ਹੋਵਣ, ਰੌਣਕ ਬਣੇ ਸਵਾਈ।

***

ਟੁੱਟਿਆ ਖੰਭ ਗੁਆ ਕੇ ਪੰਛੀ ਛੱਡਦਾ ਨਹੀਂ ਉਡਾਰੀ।
ਭਾਰ ਨਾ ਚੁੱਕੇ ਪਛਤਾਵੇ ਦਾ, ਜਿਸ ਪਰਵਾਜ਼ ਪਿਆਰੀ।
ਧਰਮ ਆਕਾਸ਼ ਬਰਾਬਰ ਦੋਵੇਂ, ਜਿਹੜੇ ਦਾਈਏ ਬੰਨ੍ਹਣ,
ਉੱਡਦਾ ਹੈ ਵਿਸ਼ਵਾਸ ਹਮੇਸ਼ਾਂ ਕਰਕੇ ਪੌਣ—ਸਵਾਰੀ।

***

ਖੇਡ ਰਹੀ ਫੁੱਲਾਂ ਤੇ ਕਾਟੋ, ਪਤਾ ਨਹੀਂ ਕੀ ਖਾਵੇ।
ਸਮਝ ਨਾ ਆਵੇ, ਤੁਕ ਤੁਕ ਤੁਕ ਕਿਹੜਾ ਗੀਤ ਸੁਣਾਵੇ।
ਰਹੇ ਕਚੂਰ ਮਖ਼ਮਲੀ ਘਾਹ ਤੇ ਵਿਛੀ ਵੇਖ ਫੁਲਕਾਰੀ,
ਇੰਜ ਲੱਗਦੈ, ਬਲਿਹਾਰੀ ਦੇ ਹੀ ਬੈਠੀ ਸੋਹਿਲੇ ਗਾਵੇ।

***

ਅੱਗ ਨਾਲ ਖੇਡੀਏ ਅੰਗਾਰਾਂ ਨਾਲ ਖੇਡੀਏ।
ਆ ਜਾ ਕਦੇ ਸੋਹਣਿਆ, ਵਿਚਾਰਾਂ ਨਾਲ ਖੇਡੀਏ।
ਤੈਨੂੰ ਮੈਨੂੰ ਰੋਕਣ ਜੋ, ਨਜ਼ਰਾਂ ਮਿਲਾਉਣ ਤੋਂ,
ਕਾਹਨੂੰ ਸੜ ਜਾਣੀਆਂ ਦੀਵਾਰਾਂ ਨਾਲ ਖੇਡੀਏ।

***

ਜ਼ਿੰਦਗੀ ਭਾਵੇਂ ਨਾਟਕ ਵਰਗੀ, ਪਰ ਨਾਟਕ ਜੀਵਨ ਨਹੀਂ ਬਣਦਾ।
ਬੰਦਾ ਭਾਵੇਂ ਦਿੱਲੀ ਦੱਖਣ, ਤੁਰਿਆ ਫਿਰਦਾ ਤਾਣੇ ਤਣਦਾ।
ਦਰਿਆ ਤੋਂ ਜੇ ਸਿੱਖ ਲਏ ਤੁਰਨਾ, ਤੋਰ-ਮਟਕਣੀ ਸਹਿਜ-ਸੁਭਾਈ,
ਮਾਣ ਲਵੇ ਵਿਸਮਾਦ ਅਮੁੱਲਾ, ਸਗਲ ਸ੍ਰਿਸ਼ਟੀ ਦੇ ਕਣ ਕਣ ਦਾ।

***

ਪੌਣਾਂ ਵਿੱਚ ਖ਼ੁਸ਼ਬੋ ਬਣਿਆ ਹੈ, ਤਨ ਤੇ ਮਨ ਦਾ ਇੱਕ ਸਿਰਨਾਵਾਂ।
ਸਦੀਆ ਤੀਕ ਮਿਸਾਲ ਬਣੇ ਇਹ ਮੇਰੀ ਰੂਹ ਅੱਜ ਕਰੇ ਦੁਆਵਾਂ।
ਧਰਤੀ ਅੰਬਰ ਵਜਦ-ਗੜੁੱਚਾ, ਬਿਰਖ਼ ਬਰੂਟੇ ਦੇਣ ਗਵਾਹੀ,
ਬਣ ਕਸਤੂਰੀ ਮਹਿਕੇ ਉਮਰਾਂ, ਗੁਰ-ਘਰ ਲਈਆਂ ਚਾਰੇ ਲਾਵਾਂ।

***

ਪੁੱਤਰ ਸ਼ਕਤੀ ਘਰ ਦੀ ਹੁੰਦੇ, ਧੀਆਂ ਤਾਂ ਸੱਚਮੁੱਚ ਨੇ ਗਹਿਣਾ।
ਧਰਤੀ ਜੇਡਾ ਜਿਗਰਾ ਰੱਖਣ, ਸਬਰ ਸਿਦਕ ਵਿੱਚ ਹਰ ਪਲ ਰਹਿਣਾ।
ਨਿੱਕੀ ਜਹੀ ਅਸੀਸ ਨੀ ਧੀਏ, ਤੈਨੂੰ ਸੋਹਣੇ ਰੱਬ ਦੀਆਂ ਰੱਖਾਂ,
ਰਹਿਮਤਾਂ ਨਾਲ ਭਰੇਂ ਤੂੰ ਝੋਲੀ, ਦਾਦਾ ਦਾਦੀ ਸਭ ਦਾ ਕਹਿਣਾ।

***

ਨਾ ਧਰਤੀ ਨਾ ਅੰਬਰ ਝੱਲੇ, ਅੱਜ ਵੀ ਅਸੀਂ ਪਨਾਹੀਆਂ ਵਰਗੇ।
ਘਸਦੇ ਘਸਦੇ ਘਸ ਚੱਲੇ ਆਂ, ਘਾਹੀਆਂ ਦੇ ਪੁੱਤ ਘਾਹੀਆਂ ਵਰਗੇ।
ਬੜੇ ਸਲੀਕੇ ਵਾਲੇ ਘਰ ਵਿਚ, ਚੌਵੀ ਘੰਟੇ ਰਹੀਏ ਡਰ ਵਿਚ,
ਖ਼ਬਰੇ ਕਦ ਵਾਧੂ ਹੋ ਜਾਈਏ, ਵਸਤਾਂ ਕੁਝ ਅਣਚਾਹੀਆਂ ਵਰਗੇ।

***

ਜੇ ਚਾਹੇਂ ਕਿ ਨੀਂਦ ਨਾ ਆਵੇ, ਰਸਤੇ ਬਦਲ ਬਦਲ ਕੇ ਤੁਰਨਾ।
ਪੈਰੀਂ ਪੈਂਡਾ ਜੇ ਚੜ੍ਹ ਜਾਵੇ, ਮਨ ਤੋਂ ਦੂਰ ਖਲੋਵੇ ਫੁਰਨਾ।
ਬ੍ਰਹਿਮੰਡ ਸਗਲਾ, ਧਰਤੀ ਅੰਬਰ, ਵਣ ਤ੍ਰਿਣ ਸਿੰਜਦੇ ਨਦੀਆਂ ਨਾਲ਼ੇ,
ਤੇਰੀ ਬੁੱਕਲ ਕਿੰਨੀ ਵੱਡੀ, ਬੈਠਾ ਐਵੇਂ ਬੰਦਿਆ ਝੁਰ ਨਾ।

***

ਸਬਰ ਸਿਦਕ ਸੰਤੋਖ ਸਮਰਪਣ, ਸੁਹਜ ਸਲੀਕਾ ਸ਼ਾਮਿਲ ਕਰ ਦੇ।
ਮਹਿੰਗੇ ਮੁੱਲ ਦੇ ਮਾਣਕ-ਮੋਤੀ, ਭਰ ਭਰ ਮੁੱਠੀਆਂ ਝੋਲੀ ਭਰ ਦੇ।
ਬਹੁਤ ਦਿਨਾਂ ਤੋਂ ਗੱਲ ਨਹੀਂ ਹੋਈ, ਨਬਜ਼ ਖਲੋਤੀ ਹੋਵੇ ਜੀਕਣ,
ਮਿੱਟੀ ਦਾ ਬੁੱਤ ਬੋਲਣ ਲਾ ਦੇ, ਮਾਰ ਆਵਾਜ਼ ਜਿਉਂਦਾ ਕਰ ਦੇ।

***

ਬਿਨ ਮਿਲਿਆਂ ਤੂੰ ਮੇਰੇ ਦਿਲ ਦੀ, ਬਾਤ ਕਿਸ ਤਰ੍ਹਾਂ ਕਹਿ ਜਾਂਦਾ ਏਂ?
ਰੂਹ ਦੇ ਧੁਰ ਅੰਦਰ ਬਿਨ ਪੌੜੀ, ਦੱਸੀਂ ਕਿੱਸਰਾਂ ਲਹਿ ਜਾਂਦਾ ਏਂ?
ਸੁਪਨੇ ਅੰਦਰ ਦਸਤਕ ਦੇ ਕੇ, ਉਹਨੀਂ ਪੈਰੀਂ ਮੁੜ ਜਾਂਦਾ ਹੈਂ,
ਓਸੇ ਨਾਲ ਗੁਫ਼ਤਗੂ ਮੇਰੀ, ਜਿੰਨਾ ਪਿੱਛੇ ਰਹਿ ਜਾਂਦਾ ਏਂ।

***

ਵਗਦੇ ਦਰਿਆ ਦੇ ਵਿੱਚ ਸੂਰਜ, ਸਣ ਕੇਸੀਂ ਇਸ਼ਨਾਨ ਕਰੇਗਾ।
ਮਗਰੋਂ ਸਾਰਾ ਦਿਨ ਇਹ ਸਾਨੂੰ ਸੁੱਚੀਆਂ ਕਿਰਨਾਂ ਦਾਨ ਕਰੇਗਾ।
ਮਾਂਗ-ਸੰਧੂਰੀ ਕਰਕੇ ਝੋਲ਼ੀ, ਫ਼ਲ, ਫੁੱਲ, ਦਾਣਿਆਂ ਨਾਲ ਭਰਨਗੇ,
ਧਰਤਿ ਸੁਹਾਗਣ ਵਾਂਗ ਸਜੇਗੀ ਜਦ ਵੀ ਏਧਰ ਧਿਆਨ ਕਰੇਗਾ।

***

ਸ਼ਹਿਰਾਂ ਦੀ ਕਰਤੂਤ ਵੇਖ ਲਉ।
ਧੂੰਆਂ — ਧਾਰ ਸਬੂਤ ਵੇਖ ਲਉ।
ਘਰ ਨਹੀਂ, ਸਿਰਫ਼ ਮਕਾਨ ਖੜ੍ਹੇ ਨੇ,
ਬੰਦਿਆਂ ਜਹੇ ਕਲਬੂਤ ਵੇਖ ਲਉ।

***

ਨੇਤਰਹੀਣਾਂ ਦੀ ਬਸਤੀ ਵਿੱਚ ਅੰਨ੍ਹਿਆਂ ਵਾਂਗ ਪਵੇਗਾ ਰਹਿਣਾ।
ਆਪਣੀ ਜਗਦੀ ਜੋਤ ਕਦੇ ਵੀ ਇਸ ਨਗਰੀ ਵਿੱਚ ਦੱਸ ਨਾ ਬਹਿਣਾ।
ਦੋਵੇਂ ਅੱਖਾਂ ਨੋਚ ਲੈਣਗੇ, 'ਨੇਰ੍ਹ ਨਗਰ ਦੇ ਚੌਪਟ ਰਾਜੇ,
ਸਾਵਧਾਨ ਜੀ! ਅੱਖੀਆਂ ਵਾਲਿਓ, ਫਿਰ ਮੈਨੂੰ ਮਗਰੋਂ ਨਾ ਕਹਿਣਾ।

***

ਰਾਹ ਕੰਡਿਆਲੇ ਮੱਲਣ ਦਾ ਫ਼ਲ, ਦਰਦ ਪਿਆਲੇ ਭਰ ਜਾਂਦੇ ਨੇ।
ਦਰਦ ਪਿਆਲੇ ਮੱਥਿਆਂ ਅੰਦਰ ਸਬਕ ਸਦੀਵੀ ਧਰ ਜਾਂਦੇ ਨੇ।
ਸਬਕ-ਸਦੀਵੀ ਕਦਮ ਕਦਮ ਤੇ ਹਿੰਮਤ ਬਣ ਅਗਵਾਈ ਕਰਦੇ,
ਹਿੰਮਤੀ ਬੰਦੇ ਕਿਸ ਤੋਂ ਰੁਕਦੇ, ਹਰ ਮੰਜ਼ਿਲ ਨੂੰ ਵਰ ਜਾਂਦੇ ਨੇ।

***

ਆ ਜਾ ਮਿਲੀਏ ਇੱਕ ਦੂਜੇ ਨੂੰ, ਵਿੱਛੜਿਆਂ ਨੂੰ ਜੁੱਗੜੇ ਬੀਤੇ।
ਵਕਤ ਬੜੀ ਬੇਰਹਿਮੀ ਵਰਤੀ, ਸਾਡੇ ਦੋਹਾਂ ਦੇ ਬੁੱਲ੍ਹ ਸੀਤੇ।
ਧਰਤੀ ਤੌਰ-ਤਰੀਕਾ ਦੱਸਿਆ, ਚੁੱਪ ਨਾ ਬੈਠੋ, ਫੁੱਲ ਬਣ ਜਾਉ,
ਸਾਰੇ ਕੌਲ ਨਿਭਾਈਏ ਆਪਾਂ, ਪਿਲਕਣ ਛਾਵੇਂ ਜੋ ਸੀ ਕੀਤੇ।

***

ਤੁਰ ਪਉ ਮਿੱਤਰਾ, ਹਿੰਮਤ ਕਰਕੇ, ਤੈਨੂੰ ਸਫ਼ਰ ਉਡੀਕ ਰਿਹਾ ਹੈ।
ਢੇਰੀ ਢਾਹੁਣਾ ਮੌਤ ਬਰਾਬਰ, ਵਕਤ ਚਿਰੋਕਣਾ ਚੀਕ ਰਿਹਾ ਹੈ।
ਰਾਹ ਵਿੱਚ ਬਿਰਖ਼ ਇਕੱਲਾ ਤਣਿਆ, ਝੱਖੜ ਤੋਂ ਇਹ ਨਾ ਘਬਰਾਵੇ,
ਵਕਤ ਦੇ ਕੋਰੇ ਸਫ਼ਿਆਂ ਉੱਤੇ, ਕਿੰਨੇ ਸਬਕ ਉਲੀਕ ਰਿਹਾ ਹੈ।

***

ਕਿੱਧਰ ਚੱਲੇ ਬਿਨ ਅਸਵਾਰੋਂ, ਘੋੜੇ ਸਰਪਟ ਭੱਜ ਰਹੇ ਨੇ।
ਹਿਣਕ ਰਹੇ ਨੇ, ਬੇ-ਮਤਲਬ ਹੀ, ਸੁੱਕੇ ਬੱਦਲ ਗੱਜ ਰਹੇ ਨੇ।
ਨਿਸ਼ਚੇ ਬਾਝੋਂ, ਕੀ ਲੱਭਣਾ ਹੈ, ਜੇ ਮੰਜ਼ਿਲ ਦਾ ਪਤਾ ਨਾ ਪੱਲੇ,
ਵੇਖ ਰਿਹਾਂ ਹਾਂ ਦੌੜਾਕ ਦੌੜਦੇ, ਆਪਸ ਦੇ ਵਿੱਚ ਵੱਜ ਰਹੇ ਨੇ।

***

ਮਨ ਵਿੱਚ ਲਗਨ ਸਲਾਮਤ ਰੱਖ ਤੂੰ, ਅੱਜ ਵੀ ਤੇਰਾ ਕੱਲ੍ਹ ਵੀ ਤੇਰਾ।
ਏਸ ਅਗਨਿ ਹੀ ਸਦਾ ਚੀਰਿਆ, ਕਾਲਖ਼ ਵਾਲਾ ਸੰਘਣਾ ਘੇਰਾ।
ਜੇਕਰ ਢੇਰੀ ਢਾਹ ਕੇ ਬਹਿ ਗਿਆ, ਦਮ ਉੱਖੜੇਗਾ, ਫਿਰ ਨਾ ਝੂਰੀ,
ਖਾਂਦਾ ਖਾਂਦਾ ਖਾ ਜਾਵੇਗਾ, ਤੈਨੂੰ ਏਦਾਂ ਗੂੜ੍ਹ ਹਨ੍ਹੇਰਾ।

***

ਪਾਰ ਲੰਘਾਵੇਗਾ ਹੁਣ ਕਿਹੜਾ, ਬੇੜੀ ਵਿੱਚ ਮਲਾਹ ਨਹੀਂ ਦਿਸਦਾ।
ਤਰ ਕੇ ਪਾਰ ਕਰਾਂ ਮੈਂ ਆਪੇ, ਏਨਾ ਪੱਕਾ ਸਾਹ ਨਹੀਂ ਦਿਸਦਾ।
ਕੰਢੇ ਬਹਿ ਕੇ ਸੋਚ ਰਿਹਾਂ ਮੈਂ, ਪਰਤਾਂ ਜਾਂ ਫਿਰ ਹੋਰ ਉਡੀਕਾਂ,
ਦੂਰ ਦੂਰ ਤੱਕ ਨਜ਼ਰ ਘੁੰਮਾਵਾਂ, ਆਉਂਦਾ ਬੇ-ਪ੍ਰਵਾਹ ਨਹੀਂ ਦਿਸਦਾ।

***

ਨਜ਼ਰ ਟਿਕਾ ਜੇ ਵੇਖ ਲਵੇਂ ਤੂੰ, ਕਤਰੇ ਵਿੱਚ ਦਰਿਆ ਦਾ ਵਾਸਾ।
ਏਸ ਤਰ੍ਹਾਂ ਹੀ ਭਰ ਜਾਵੇਗਾ ਤੇਰੇ ਮਨ ਦਾ ਸੱਖਣਾ ਕਾਸਾ।
ਵਗਦੇ ਪਾਣੀ ਕੰਢੇ ਬਹਿ ਕੇ, ਵੇਖ ਕਿਵੇਂ ਜਲ-ਕਲਵਲ ਖੇਡੇ,
ਬਿੰਦੂ ਵਿੱਚ ਬ੍ਰਹਿਮੰਡ ਸਮਾਇਆ, ਵੇਖ ਕਦੇ ਤੂੰ ਇਹ ਵੀ ਪਾਸਾ।

***

ਪੂਰੀ ਅਉਧ ਹੰਢਾਉਣ ਤੋਂ ਮਗਰੋਂ, ਰੁੱਖ ਦੀ ਕੁੱਖ ਵਿੱਚ ਸੁਪਨਾ ਉੱਗਿਆ।
ਵੇਖ ਲਵੋ ਹੁਣ ਕਿੱਡਾ ਵੱਡਾ, ਬੀਜ ਬਿਰਖ ਬਣ ਪੂਰਾ ਪੁੱਗਿਆ।
ਕਿਉਂ ਬੰਦਿਆਂ ਨੂੰ ਮਾਰ ਵਗੀ ਹੈ, ਆਰੀਆਂ ਲੈ ਕੇ ਸੁਪਨੇ ਚੀਰਨ,
ਬੋਹੜ, ਪਿਲਖਣਾਂ, ਪਿੱਪਲਾਂ ਤੀਕਰ, ਲਾਲਚੀਆਂ ਨੇ ਕੀ ਨਹੀ ਖੁੱਗਿਆ।

***

ਵਕਤ ਕਦੇ ਇੱਕਸਾਰ ਨਾ ਰਹਿੰਦਾ, ਇਸ ਨੂੰ ਪੜ੍ਹਨਾ ਸਿੱਖੀਏ।
ਸੂਰਜ ਕਿੰਜ ਸਿਖਰੋਂ ਹੈ ਲਹਿੰਦਾ, ਇਸ ਤੋਂ ਚੜ੍ਹਨਾ ਸਿੱਖੀਏ।
ਕਦੇ ਕਿਸੇ ਨੂੰ ਤੁੱਛ ਨਾ ਸਮਝੋ, ਹਰ ਕਿਣਕੇ ਵਿੱਚ ਅਗਨੀ,
ਦਿਲ-ਮੁੰਦਰੀ ਵਿੱਚ ਮਾਣਕ-ਮੋਤੀ, ਕਿੱਸਰਾਂ ਮੜ੍ਹਨਾ ਸਿੱਖੀਏ।

***

ਕੁਝ ਪਲ ਮਿਲਣਾ ਏਸ ਤਰ੍ਹਾਂ ਸੀ, ਜਿਉਂ ਵੇਲਾਂ ਨੂੰ ਪਾਣੀ।
ਰੂਹ ਦਾ ਬਾਗ-ਬਗੀਚਾ ਖਿੜਿਆ, ਫੁੱਲ ਟਹਿਕੇ ਹਰ ਟਾਹਣੀ।
ਏਸ ਤਰ੍ਹਾਂ ਦੀ ਮੁਲਾਕਾਤ ਵਿੱਚ ਜਿਸਮ ਕਦੇ ਨਹੀਂ ਆਉਂਦੇ,
ਰੂਹ ਸੰਗ ਰੂਹ ਹੀ ਕਰੇ ਗੁਫ਼ਤਗੂ, ਮੈਂ ਇਹ ਸੰਗਤ ਮਾਣੀ।

***

ਜਦ ਤੋਂ ਬੰਦਾ ਇਸ ਧਰਤੀ ਤੇ ਪੈਸੇ ਦਾ ਪੁੱਤ ਬਣਿਆ।
ਮਾਂ ਤੇ ਬਾਪ ਵਿਸਾਰੇ ਉਸਨੇ, ਜਿੰਨ੍ਹਾਂ ਓਸ ਨੂੰ ਜਣਿਆ।
ਚਿੰਤਾ ਚਿਖ਼ਾ ਬਰਾਬਰ ਧੁਖਦੀ ਅੰਦਰੇ ਅੰਦਰ ਧੂਣੀ,
ਉੱਡ ਪੁੱਡ ਗਈਆਂ ਖ਼ੁਸ਼ੀਆਂ ਮੂੰਹ ਤੋਂ ਚਿਹਰਾ ਰਹਿੰਦਾ ਤਣਿਆ।

***

ਹੁਣੇ ਹੁਣੇ ਇੱਕ ਖ਼ਤ ਮਿਲਿਆ ਹੈ, ਇਉਂ ਲੱਗਦਾ ਇਹ ਤੂੰ ਲਿਖ ਘੱਲਿਆ।
ਨੈਣਾਂ ਵਿੱਚ ਵਿਸਮਾਦ ਘੁਲ਼ ਗਿਆ, ਤਨ ਮਨ ਮੇਰਾ ਮਹਿਕਾਂ ਮੱਲਿਆ।
ਚਾਨਣ ਚਾਨਣ ਚਾਰ ਚੁਫ਼ੇਰਾ, ਨੂਰ ਇਲਾਹੀ ਪਸਰ ਗਿਆ ਹੈ,
ਚੁੱਪ-ਚੁਪੀਤੇ ਰੂਹ ਦੇ ਅੰਦਰ, ਬਹਿਣਾ ਕਿੱਥੋਂ ਸਿੱਖਿਆ ਬੱਲਿਆ।

***

ਹਿੱਕੜੀ ਅੰਦਰ ਗੀਤ ਜੇ ਧੜਕੇ, ਰੋਕੀਂ ਨਾ ਤੂੰ, ਖੁੱਲ੍ਹ ਕੇ ਗਾਵੀਂ।
ਰੂਹ ਅੰਦਰ ਜੇ ਮੋਹ ਰਮ ਜਾਵੇ, ਇਸ ਨੂੰ ਤੂੰ ਰੱਜ ਕੇ ਵਰਤਾਵੀਂ।
ਮਨ ਅੰਦਰ ਜੇ ਸੁਪਨੇ ਮਚਲਣ, ਪਿੱਛਾ ਕਰਨੋਂ ਨਾ ਤੂੰ ਝਿਜਕੀਂ,
ਮਿਲਦੀ ਇੱਕੋ ਜ਼ਿੰਦਗੀ ਸਭ ਨੂੰ, ਬੀਤਣ ਮਗਰੋਂ ਨਾ ਪਛਤਾਵੀਂ।

***

ਦਿਲ ਵਿੱਚ ਏਨਾ ਜ਼ਹਿਰ ਕਿਉਂ ਹੈ, ਬਹਿ ਕੇ ਸੋਚ ਵਿਚਾਰ ਕਰੋ।
ਕੂੜਾਦਾਨ ਨਹੀਂ ਇਹ ਯਾਰੋ, ਮਨ ਮੰਦਰ ਹੈ, ਪਿਆਰ ਕਰੋ।
ਬਹੁਤੀ ਵਾਰੀ ਸਾੜਾ, ਕੀਨਾ, ਇਸ ਵਿੱਚ ਰੱਖੀਏ ਦੁਸ਼ਮਣੀਆਂ,
ਫੁੱਲ ਵਿੱਚ ਰਹਿੰਦੀ ਖ਼ੁਸ਼ਬੋ ਵਾਂਗੂੰ, ਜ਼ਿੰਦਗੀ ਦਾ ਸਤਿਕਾਰ ਕਰੋ।

***

ਦਿਨ ਚੜ੍ਹਿਆ ਤੇ ਸੂਰਜ-ਕਿਰਨਾਂ ਵਿਹੜੇ ਆਈਆਂ, ਸ਼ਗਨ ਮਨਾਉ।
ਰਾਤ ਗਈ ਸੰਗ ਬਾਤ ਗਈ ਹੁਣ, ਸੁਪਨ- ਕਿਆਰੀ ਨਵੀਂ ਉਗਾਉ।
ਫਟੇ ਪੁਰਾਣੇ ਮੈਲ਼ੇ ਕੱਪੜੇ, ਬੀਤੇ ਦੇ ਪਛਤਾਵੇ ਵਰਗੇ,
ਰੱਖਣੇ ਕਿਉਂ ਨੇ ਘਰ ਵਿੱਚ ਕੰਡੇ, ਹੂੰਝ ਦਿਉ ਹੁਣ ਚੁੱਲ੍ਹੇ ਪਾਉ।

***

ਸੋਚ ਵਿਚਾਰ ਕਦੇ ਤਾਂ ਕਰ ਲੈ, ਖ਼ੁਸ਼ਬੋ ਟਾਹਣੀਉਂ ਤੋੜਦਿਆਂ।
ਤਰਸ ਕਿਉਂ ਨਹੀਂ ਆਉਂਦਾ ਤੈਨੂੰ, ਇਹਦੀ ਧੌਣ ਮਰੋੜਦਿਆਂ।
ਸਮਝ ਲਿਆ ਕਰ ਜੀਣ ਜੋਗਿਆ, ਫੁੱਲ ਵੀ ਪੁੱਤਰ ਧਰਤੀ ਦੇ,
ਸਗਲ ਹਯਾਤੀ ਮੁੱਕ ਜਾਵੇਗੀ, ਫਿਰ ਏਸੇ ਥਾਂ ਜੋੜਦਿਆਂ।

***

ਬਚਪਨ ਤੋਂ ਹੀ ਸੁਣਦੇ ਆਏ, ਕਾਦਰ ਦਾ ਕੁਦਰਤ ਵਿੱਚ ਵਾਸਾ।
ਲੰਘ ਜਾਈਏ ਫੁੱਲ-ਪੱਤੀਆਂ ਕੋਲੋਂ, ਅਣਗਹਿਲੀ ਵਿੱਚ ਵੱਟ ਕੇ ਪਾਸਾ।
ਮਾਣਸ ਜਨਮ ਅਮੋਲਕ ਹੀਰਾ, ਮੁੱਕ ਚੱਲਿਆ ਹੈ ਪਲ ਛਿਣ ਕਰਕੇ,
ਭਟਕਣ ਅੰਦਰ ਉਮਰ ਗਵਾਈ, ਸੱਖਣਾ ਹੈ ਰੂਹ ਵਾਲਾ ਕਾਸਾ।

***

ਮੈਂ ਫੁੱਲਾਂ ਨੂੰ ਬਹੁਤ ਕਿਹਾ ਜੀ, ਨਾ ਖਿੜਿਉ ਬੇਕਦਰਾਂ ਵਿਹੜੇ।
ਉਨ੍ਹਾਂ ਪੁੱਛਿਆ ਕਿਵੇਂ ਪਛਾਣੀਏ, ਏਸ ਨਸਲ ਦੇ ਬੰਦੇ ਕਿਹੜੇ?
ਬਹੁਤ ਆਸਾਨ ਪਛਾਣ ਮੈਂ ਦੱਸੀ, ਜੋ ਕੰਡ ਕਰਕੇ ਲਾਗਿਉਂ ਲੰਘਦੇ,
ਇੱਕ ਪਲ ਵੀ ਨਾ ਦੇਣ ਤੁਹਾਨੂੰ, ਰੂਹ ਦੇ ਪੱਥਰ ਹੁੰਦੇ ਜਿਹੜੇ।

***

ਸ਼ਬਦ ਗੁਰੂ ਰਖਵਾਲੀ ਖਾਤਰ, ਸੀਸ ਤਲ਼ੀ ਤੇ ਧਰਨਾ ਪੈਂਦਾ।
ਗੁਰ- ਮਾਰਗ ਤੇ ਸਫ਼ਰ ਕਰਦਿਆਂ, ਜ਼ਿੰਦਗੀ ਖ਼ਾਤਰ ਮਰਨਾ ਪੈਂਦਾ।
ਬਾਬਾ ਦੀਪ ਸਿਹੁੰ ਨੇ ਦੱਸਿਆ, ਸੰਤ ਸਿਪਾਹੀ ਦਾ ਸਿਰਨਾਵਾਂ,
ਤਨ ਮਨ ਸੌਂਪ ਗੁਰੂ ਨੂੰ ਆਪਣਾ, ਸਿਰ-ਨਜ਼ਰਾਨਾ ਕਰਨਾ ਪੈਂਦਾ।

***

ਸੂਰਜ ਤੋਂ ਰੰਗ ਮੰਗਿਆ ਸ਼ਾਮੀਂ, ਸਾਰੀ ਲਾਲੀ ਢੇਰ ਕਰ ਗਿਆ।
ਸਗਲ-ਸਮੁੰਦਰ ਸੂਹਾ ਕਰਕੇ ਸਭ ਪਾਣੀ ਤੇ ਮੇਰ ਕਰ ਗਿਆ।
ਸਮਰੱਥ ਕੋਲੋਂ ਮੰਗਣ ਵੇਲੇ ਏਨੀ ਗੱਲ ਤਾਂ ਯਾਦ ਰਹੀ ਨਾ,
ਇਹ ਤਾਂ ਓਹੀ ਰਮਤਾ ਜਿਹੜਾ ਰਾਤਾਂ ਚੀਰ ਸਵੇਰ ਕਰ ਗਿਆ।

***

ਜੜ੍ਹ ਦੇ ਸਿਰ ਤੇ ਵੇਖ ਕਿਵੇਂ ਇਹ ਰੰਗ-ਬ-ਰੰਗੇ ਫੁੱਲ ਨੇ ਖਿੜਦੇ।
ਮੌਸਮ ਦੀ ਵੀ ਸਹਿਣ ਕਰੋਪੀ, ਖਿੜਨ ਲਈ ਨੇ ਹਰ ਪਲ ਭਿੜਦੇ।
ਢੇਰੀ ਢਾਹ ਕੇ ਬਹਿ ਨਾ ਜਾਵੀਂ, ਆਪਣੇ ਨਾਲ ਖੜ੍ਹਾ ਰਹਿ ਤੂੰ ਹੀ,
ਰਣ-ਭੂਮੀ 'ਚੋਂ ਕਦੇ ਨਾ ਭੱਜਣ, ਸਦਾ ਸੂਰਮੇ ਪੱਕੇ ਪਿੜ ਦੇ।

***

ਆਪਣੀ ਨਜ਼ਰ 'ਚ ਰੱਖਣਾ ਚਾਹੋ, ਜੇਕਰ ਆਪਣੀ ਸ਼ਾਨ ਸਲਾਮਤ।
ਸ਼ਰਤ ਜ਼ਰੂਰੀ ਰੱਖਣਾ ਪੈਣਾ, ਆਪਣਾ ਧਰਮ-ਈਮਾਨ ਸਲਾਮਤ।
ਇਹ ਉਹ ਪੂੰਜੀ, ਜਿਸ ਦੀ ਰਾਖੀ ਆਪੇ ਹੀ ਖ਼ੁਦ ਕਰਨੀ ਪੈਂਦੀ,
ਦੂਸਰਿਆਂ ਲਈ ਜੀਣਾ ਸਿੱਖ ਕੇ, ਰਹਿ ਜਾਂਦਾ ਸਨਮਾਨ ਸਲਾਮਤ।

***

ਮੈਂ ਸ਼ਬਦਾਂ ਦੀ ਖੇਤੀ ਕਰਦੇ ਸਾਰੀ ਉਮਰ ਗੁਜ਼ਾਰ ਲਈ ਹੈ।
ਲੇਖਾ ਜੋਖਾ ਕਦੋ ਨਾ ਰੱਖਿਆ ਕਿੰਨੀ ਕੀਮਤ ਤਾਰ ਲਈ ਹੈ।
ਅੱਜ ਤੱਕ ਨਾ ਪਛਤਾਵਾ ਕੀਤਾ, ਕਿਹੜਾ ਮੈਨੂੰ ਕੀ ਹੈ ਕਹਿੰਦਾ,
ਕਰਮ ਕਰਦਿਆਂ ਧਰਮ ਨਿਭਾਇਆ, ਕੋਸ਼ਿਸ਼ ਸੁਰਖ਼ ਬਹਾਰ ਲਈ ਹੈ।

***

ਜਦ ਤੱਕ ਜੜ੍ਹਾਂ ਜ਼ਮੀਨ 'ਚ ਬੰਦਿਆ ਬਿਰਖ ਕਦੇ ਵੀ ਮਰਦਾ ਨਹੀਂਉਂ।
ਲੱਕੜਹਾਰਿਆਂ ਅੱਗੇ ਰੋ ਕੇ, ਇਹ ਅਰਜੋਈ ਕਰਦਾ ਨਹੀਂਉਂ।
ਮੇਰੇ ਪੁਰਖਿਆਂ ਦਾ ਹਮ- ਨਸਲਾ, ਕਾਇਮ ਦਾਇਮ ਸਦਾ ਸਲਾਮਤ,
ਪੁੰਗਰ ਕੇ ਮੁੜ ਛਾਂ ਵੰਡਦਾ ਹੈ, ਠੰਢੇ ਹੌਕੇ ਭਰਦਾ ਨਹੀਂਉਂ।

***

ਰਾਜਗੁਰੂ, ਸੁਖਦੇਵ, ਭਗਤ ਸਿੰਘ ਤਿੰਨ ਫੁੱਲ ਸੁਰਖ਼ ਗੁਲਾਬ ਜਹੇ ਨੇ।
ਇੱਕ ਮੌਸਮ ਵਿੱਚ ਉਗਮੇ, ਪੱਲ੍ਹਰੇ ਸਭ ਅਣਖ਼ੀਲੇ ਖ਼ਵਾਬ ਜਹੇ ਨੇ।
ਗੁਲਦਸਤੇ ਚੋਂ ਮਨਮਤੀਏ ਕਿਓਂ ਆਪਣੇ ਫੁੱਲ ਨਿਖੇੜ ਰਹੇ ਜੀ,
ਇਹ ਤਾਂ ਪੰਜ-ਦਰਿਆਈ ਸੁਪਨੇ, ਸਾਬਤ ਦੇਸ ਪੰਜਾਬ ਜਹੇ ਨੇ।

***

ਭਗਤ ਸਿੰਘ ਜੂਝਦੀ ਹੋਈ ਜ਼ਿੰਦਗੀ ਦਾ ਨਾਮ ਹੈ ਯਾਰੋ।
ਇਹ ਤਖ਼ਤੇ ਫਾਂਸੀਆਂ ਰੱਸੇ, ਜ਼ੁਲਮ ਦੀ ਸ਼ਾਮ ਹੈ ਯਾਰੋ।
ਉਹਦੀ ਬਾਰਾਤ ਵਿੱਚ ਸਰਬਾਲਿਆਂ ਦਾ ਇੱਕ ਜੋੜਾ ਸੀ,
ਛਬੀਲੇ ਰਾਜਗੁਰ ਸੁਖਦੇਵ ਸੁਣ ਲਓ ਨਾਮ ਸੀ ਯਾਰੋ।

***

ਅਸੀਂ ਤੇ ਯਾਰੋ ਓਸ ਗੁਰੂ ਦੇ ਜਨਮ ਜ਼ਾਤ ਹਾਂ ਚੇਲੇ।
ਜਿਸ ਨੇ ਦੱਸਿਆ ਧਨ ਤੇ ਦੌਲਤ ਸਿਰਫ਼ ਮਿੱਟੀ ਦੇ ਢੇਲੇ।
ਅਸਲੀ ਦੌਲਤ ਪਿਆਰ ਮੁਹੱਬਤ ਦਰਦ ਕਿਸੇ ਦਾ ਜਾਣੋ,
ਪੈਰੀਂ ਹੱਥ ਕਦੇ ਨਾ ਲਾਈਏ, ਦਿਲ ਮਿਲਿਆਂ ਦੇ ਮੇਲੇ।

***

ਸੂਰਮਿਆਂ ਦੀ ਨਾ ਵੱਖ ਬਸਤੀ, ਨਾ ਹੀ ਵੱਖਰਾ ਰਹਿਣਾ।
ਨਬਜ਼ ਸਮੇਂ ਦੀ ਫੜ ਕੇ ਦੱਸਦੇ, ਹੁਣ ਹੈ ਵਕਤ ਕੁਲਹਿਣਾ।
ਸੀਸ ਤਲੀ ਤੇ ਧਰਨ ਸੂਰਮੇ ਸਾਨੂੰ ਵੀ ਸਮਝਾਉਂਦੇ,
ਫ਼ਰਜ਼ ਨਿਭਾਓ, ਗਰਜ਼ਾਂ ਲਈ ਨਾ ਬਾਰ-ਪਰਾਏ ਬਹਿਣਾ।

***

ਵਧੀਆ ਗੱਲ ਹੈ ਪੱਗ ਤਾਂ ਹੋਵੇ, ਪਰ ਉਸ ਥੱਲੇ ਸਿਰ ਵੀ ਹੋਵੇ।
ਦੀਨ ਦੁਨੀ ਦੀ ਰਾਖੀ ਕਰਦਾ, ਨਾਧਿਰਿਆਂ ਦੀ ਧਿਰ ਵੀ ਹੋਵੇ।
ਕਿੰਨਾ ਹੋਰ ਉਡੀਕੋਗੇ ਜੀ, ਪਟਨੇ ਤੋਂ ਦਸਮੇਸ਼ ਪਿਤਾ ਨੂੰ,
ਸਾਡੇ ਲਈ ਪਰਿਵਾਰ ਨੂੰ ਵਾਰੇ, ਉਹ ਸਾਰਾ ਕੁਝ ਫਿਰ ਵੀ ਹੋਵੇ।

***

ਸਾਂਭ ਲਉ ਭਰਾਉ, ਸੁੱਚੇ ਮਹਿਕਦੇ ਗ਼ੁਲਾਬ ਨੂੰ।
ਨਜ਼ਰ ਨਾ ਲੱਗੇ, ਇਹਦੇ ਵਿਚ ਘੁਲ਼ੇ ਖ਼੍ਵਾਬ ਨੂੰ।
ਲੰਘ ਚੱਲੀ ਰਾਤ ਹੁਣ ਜਾਗਣਾ, ਈਮਾਨ ਹੈ,
ਕੰਗਲਾ ਬਣਾਉਣੋ ਰੋਕੋ, ਰੰਗਲੇ ਪੰਜਾਬ ਨੂੰ।

***

ਅਣਖ਼ ਜਗਾਵੇ ਨਾ ਜੋ, ਉਹ ਵੰਗਾਰ ਨਹੀਂ ਹੁੰਦੀ।
ਚੋਰਾਂ ਨਾਲ ਜੋ ਰਲ਼ ਜੇ, ਉਹ ਸਰਕਾਰ ਨਹੀਂ ਹੁੰਦੀ।
ਹੱਕ, ਸੱਚ, ਇਨਸਾਫ਼ ਤੇ ਡਾਕੇ ਸਿਖ਼ਰ ਦੁਪਹਿਰੇ ਜੇ,
ਵੇਖ ਕੇ ਅੱਖਾਂ ਮੀਟ ਲਵੇ, ਅਖ਼ਬਾਰ ਨਹੀਂ ਹੁੰਦੀ।

***

ਰਾਜਗੁਰੂ, ਸੁਖਦੇਵ, ਭਗਤ ਸਿੰਘ ਫੁੱਲ ਦੀ ਜੂਨ ਪਏ।
ਕਿੰਨੇ ਹਾਣੀ ਉਨ੍ਹਾਂ ਦੇ ਅੱਜ, ਕਬਰਾਂ ਹੇਠ ਪਏ।
ਦੇਂਦੇ ਜੋ ਵਿਸ਼ਵਾਸ ’ਤੇ ਪਹਿਰਾ, ਓਹੀ ਅਕਸਰ ਜੀਂਦੇ,
ਦੇਵੇ ਵਕਤ ਸਲਾਮੀ ਜਿਹੜੇ ਜਾਨਾਂ ਵਾਰ ਗਏ।

***

ਸ਼ਾਸਤਰਾਂ ਦੀ ਰਾਖੀ ਕਰਦੇ ਸ਼ਸਤਰਧਾਰੀ।
ਅੱਜ ਸ਼ਸਤਰ ਦੀ ਮਹਿਮਾ ਹੋ ਗਈ ਅਪਰਮਪਾਰੀ।
ਮਾਰਗ-ਦਰਸ਼ਕ ਸ਼ਬਦ-ਗੁਰੂ ਹੈ, ਵਿਚ ਹਨ੍ਹੇਰੇ,
ਆਣ ਤੁਸੀਂ ਸਮਝਾਓ ਮੁੜ ਕੇ ਕਲਗੀਧਾਰੀ।

***

ਕਰੇ ਕੀ ਕਬੀਰ ਜੱਗ ਹੋ ਗਿਆ ਸਵਾਰਥੀ।
ਧਰਮੀ ਟਿਕਾਣੇ ਬਣੇ ਵੇਖ ਲਉ ਪਦਾਰਥੀ।
ਬੈਠ ਗਈ ਬਾਜ਼ਾਰ ਵਿਚ ਸਰਸਵਤੀ ਵੇਖ ਲਉ,
ਮੰਡੀ ਵਿਚੋਂ ਲੱਭਦੀ ਹੈ ਆਪ ਵਿਦਿਆਰਥੀ।

***

ਸ਼ਬਦ-ਗੁਰੂ ਦੀ ਸ਼ਕਤੀ ਤਿੰਨੇ, ਸੇਵਾ ਸਿਮਰਨ ਅਤੇ ਸ਼ਹਾਦਤ।
ਦਮ ਦਮ, ਪਲ ਪਲ, ਅੰਗ ਸੰਗ ਰੱਖਣਾ, ਸ਼ਬਦ ਸਾਧਨਾ ਪਾਉ ਆਦਤ।
ਕਰਮਭੂਮ ਵਿੱਚ ਜੇ ਨਾ ਅੱਪੜੇ, ਜਨਮ ਅਕਾਰਥ ਰਹਿ ਜਾਵੇਗਾ,
ਬਗਲ ਸਮਾਧੀ ਲਾਉਣ ਸ਼ਿਕਾਰੀ, ਜਗਤ ਦਿਖਾਵਾ, ਕਹਿਣ ਇਬਾਦਤ।

***

ਦਸਮ-ਪਿਤਾ ਹੁਣ ਸੀਸ ਤਲੀ ਤੇ ਧਰਿਆ ਨਹੀਂ ਜਾਂਦਾ।
ਹੱਕ ਸੱਚ ਤੇ ਇਨਸਾਫ਼ ਦੀ ਖ਼ਾਤਰ ਮਰਿਆ ਨਹੀਂ ਜਾਂਦਾ।
ਕੁਰਸੀ-ਯੁੱਧ ਨੂੰ ਲੜਦੇ ਮਰਦੇ, ਧਰਮ ਗੁਆਚ ਗਿਆ,
ਸ਼ੁਭ-ਕਰਮਨ ਵੀ ਅੱਜ ਕੱਲ੍ਹ ਸਾਥੋਂ ਕਰਿਆ ਨਹੀਂ ਜਾਂਦਾ।

***

ਗੁਰੂਆਂ ਪੀਰਾਂ ਇਹ ਸਮਝਾਇਆ, ਜ਼ਿੰਦਗੀ ਹੈ ਰੰਗਾਂ ਦਾ ਮੇਲਾ।
ਇੱਕ ਦੂਜੇ ਦੀ ਪੀੜ ਪਛਾਣੋ, ਬੋਲੋ ਜਦ ਬੋਲਣ ਦਾ ਵੇਲਾ।
ਭਲਾ ਸਦਾ ਸਰਬੱਤ ਦਾ ਮੰਗੋ, ਦੀਨ ਦੁਖੀ ਦਾ ਦਰਦ ਨਿਵਾਰੋ,
ਮੈਂ, ਮੇਰੀ ਨੂੰ ਮਾਰ ਮੁਕਾਉ, ਜੇ ਚਾਹੁੰਦੇ ਹੋ ਜਨਮ—ਸੁਹੇਲਾ।

***

ਜਾਗ ਪੈਣ ਧਰਤੀ ਦੇ ਵਾਰਿਸ, ਹੱਥ ਲੈ ਪਰਚਮ ਸੂਹੇ ਰੰਗ ਦੇ।
ਹਾਕਮ, ਹੁਕਮ, ਹਕੂਮਤ ਸਾਥੋਂ, ਫੇਰ ਦੋਬਾਰਾ ਰੱਤ ਨੇ ਮੰਗਦੇ।
ਜਦ ਤੀਕਰ ਮਨ ਵੰਡਿਆ ਵੰਡਿਆ, ਏਕੇ ਦਾ ਪੱਲਾ ਨਹੀਂ ਫੜਦੇ,
ਇਹ ਨਾ ਭੁੱਲਿਓ, ਸੂਰਮਿਆਂ ਨੂੰ, ਤਖ਼ਤ ਰਹਿਣਗੇ ਸੂਲੀ ਟੰਗਦੇ।

***

ਭਗਤ ਸਿੰਘ ਸਰਦਾਰ ਬਣ ਗਿਆ ਆਜ਼ਾਦੀ ਵਿਸ਼ਵਾਸ ਦਾ ਨਾਂ ਹੈ।
ਲੋਕ-ਮੁਕਤੀਆਂ ਦੇ ਲਈ ਚਿੰਤਤ, ਲਿੱਸਿਆਂ ਲਈ ਧਰਵਾਸ ਦਾ ਨਾਂ ਹੈ।
ਜ਼ਾਲਮ ਜ਼ੁਲਮ ਮਿਟਾਵਣਹਾਰੇ ਕਾਫ਼ਲਿਆਂ ਦਾ ਸਿਰਲੱਥ ਮੋਹਰੀ,
ਇਨਕਲਾਬ ਦੇ ਪਰਚਮ ਵਾਲੇ ਧਰਤੀ ਦੇ ਇਤਿਹਾਸ ਦਾ ਨਾਂ ਹੈ।

***

ਧਰਤੀ, ਧਰਮ, ਧਰਾਤਲ ਗਿਰਵੀ, ਜਿਸਮ ਨੀਲਾਮ, ਵਿਕਾਊ ਰੱਬ ਹੈ।
ਅਸਲੀ ਗੱਲ ਤਾਂ ਏਸੇ ਕਰਕੇ ਸਾਡੀਆਂ ਸੋਚਾਂ ਦੇ ਵਿੱਚ ਡੱਬ ਹੈ।
ਬਗਲ-ਸਮਾਧੀ ਲਾ ਕੇ ਬਹਿੰਦੇ, ਮੱਛੀਆਂ ਲਈ ਨੇਤਾ, ਅਭਿਨੇਤਾ,
ਮਾਛੀ ਵੀ ਤਾਂ ਨਾਲ ਰਲ਼ੇ ਨੇ, ਸੱਚ ਪੁੱਛੋ ਤਾਂ ਏਹੀ ਯੱਭ ਹੈ।

***

ਓਥੇ ਸੀਸ ਝੁਕਾਈਏ ਆਪਾਂ, ਜਿੱਥੇ ਸ਼ਬਦ-ਗੁਰੂ ਦੇ ਵਾਸੇ।
ਕੰਕਰੀਟ ਦੇ ਭਵਨ ਬੜੇ ਨੇ, ਭਰਦੇ ਹੀ ਨਾ ਰੂਹ ਦੇ ਕਾਸੇ।
ਦੋਚਿੱਤੀ ਨੇ ਹਰ ਮਨ ਘੇਰਿਆ, ਭਟਕਣ ਸਾਡੇ ਸਾਹੀਂ ਰਚ ਗਈ,
ਇਹ ਤਾਂ ਨਿਰਭਰ ਸਾਡੇ ਉੱਤੇ ਤੁਰਨਾ ਜਾਣਾ ਕਿਹੜੇ ਪਾਸੇ।

***

ਦੁਇ ਕਰ ਜੋੜ ਕਰਾਂ ਅਰਦਾਸਾ ਨੇਕ ਕਰਮ ਤੇ ਸੇਵ ਕਮਾਵੇਂ।
ਮੇਰੇ ਬੱਚਿਆ! ਰੱਬ ਕਰੇ ਤੂੰ, ਸਾਡੇ ਨਾਲੋਂ, ਅੱਗੇ ਜਾਵੇਂ।
ਸਰਬ ਦੁਨੀ ਨੂੰ ਆਪਣਾ ਜਾਣੇਂ, ਥੁੜਿਆਂ ਨੂੰ ਤੂੰ ਚਾਨਣ ਵੰਡੇਂ,
ਦੇਸ਼ ਕੌਮ ਪਰਿਵਾਰ ਦਾ ਸੋਹਣਿਆ! ਸੂਰਜ ਬਣ ਕੇ, ਨਾਂ ਚਮਕਾਵੇਂ।

***

ਕੁਰਬਾਨੀ ਦੇ ਨਾਲ ਸਿਰੀਂ, ਦਸਤਾਰ ਹਮੇਸ਼ਾ ਰੱਖ ਹੁੰਦੀ ਹੈ।
ਬੇਅਣਖ਼ੇ ਬੰਦੇ ਦੀ ਜ਼ਿੰਦਗੀ, ਲੱਖ ਹੁੰਦਿਆਂ ਵੀ ਕੱਖ ਹੁੰਦੀ ਹੈ।
ਦਸ ਗੁਰੂਆਂ ਦੀ ਬਾਣੀ ਨਿਸ ਦਿਨ, ਸਾਨੂੰ ਇਕੋ ਸਬਕ ਪੜ੍ਹਾਵੇ,
ਅਸਲੀ ਨਕਲੀ ਪਰਖਣ ਵਾਲੀ, ਤੀਜੀ ਵੱਖਰੀ ਅੱਖ ਹੁੰਦੀ ਹੈ।

***

ਬਲਿਹਾਰੀ ਦੀ ਬੁੱਕਲ ਅੰਦਰ ਪਰਬਤ, ਬਾਗ, ਬਗੀਚੇ ਜਲ ਹੈ।
ਜਿੱਥੇ ਇਹ ਕੁਝ ਦਿਸਦਾ ਨਹੀਂਉਂ, ਉਸ ਦਾ ਨਾਂ ਹੀ ਮਾਰੂਥਲ ਹੈ।
ਥਲ ਅੰਦਰ ਦਾ ਜੀਣ ਅਨੋਖਾ, ਬਿਨ ਪਾਣੀ ਤੋਂ ਮਾਰੂ ਫ਼ਸਲਾਂ,
ਜੰਤ, ਪਰਿੰਦੇ, ਵਣ ਤ੍ਰਿਣ, ਬੰਦੇ ਦਿਲ ਵਿੱਚ ਅਜਬ ਜਿਹੀ ਕਲਵਲ ਹੈ।

***

ਸ਼ੁਭ-ਕਰਮਨ ਦਾ ਅਜ਼ਮ ਹਮੇਸ਼ਾਂ ਆਪਣੇ ਹੱਥ ਉਚੇਰੇ ਰੱਖਣਾ।
ਜਦ ਵੀ ਕਿਧਰੇ ਸੰਗਤ ਕਰਨੀ, ਖ਼ੁਸ਼ਬੂ ਦੀ ਕਰਨੀ ਪਰਦੱਖਣਾ।
ਅੱਖੀਆਂ ਅੰਦਰ ਨੂਰ ਇਲਾਹੀ, ਮੱਥਾ ਸੂਰਜ ਵਾਂਗੂੰ ਚਮਕੂ,
ਖ਼ੁਦ ਤੇ ਪਹਿਰੇਦਾਰੀ ਕਰਕੇ, ਅੰਮ੍ਰਿਤ-ਬੂੰਦ ਸਦੀਵੀ ਚੱਖਣਾ।

***

ਸਾਥੋਂ ਦੇਹ ਦਾ ਓਹਲਾ ਕਰਦੇ, ਗੁਰ ਦਸਵੇਂ ਸਮਝਾਇਆ ਸਾਨੂੰ।
ਬੰਦਿਆਂ ਮਗਰ ਨਾ ਬੰਦਿਆ ਲੱਗੀਂ, ਸ਼ਬਦ-ਗੁਰੂ ਲੜ ਲਾਇਆ ਸਾਨੂੰ।
ਹਰ ਮੁਸ਼ਕਿਲ ਵਿੱਚ ਲਵੀਂ ਰੌਸ਼ਨੀ, ਮਨ ਦੇ ਹੁਜਰੇ ਜੋਤ ਜਗਾਵੀਂ,
ਨਿਸ਼ਚਾ ਧਾਰੀਂ ਮੰਜ਼ਿਲ ਮਾਰੀਂ, ਸਿੱਧੇ ਮਾਰਗ ਪਾਇਆ ਸਾਨੂੰ।

***

ਮੈਂ ਕਾਦਰ ਨੂੰ ਖ਼ੁਦ ਤੱਕਿਆ ਹੈ, ਮਿੱਟੀ ਦਾ ਅਨੁਵਾਦ ਕਰਦਿਆਂ।
ਟਾਹਣੀਆਂ ਉੱਪਰ ਫੁੱਲ ਤੇ ਪੱਤੇ, ਵਿੱਚ ਮਹਿਕਾਂ ਵਿਸਮਾਦ ਧਰਦਿਆਂ।
ਜੇਕਰ ਤੈਨੂੰ ਰੰਗ ਨਾ ਦਿਸਦੇ, ਤੀਜਾ ਨੇਤਰ ਖੋਲ੍ਹ ਕੇ ਵੇਖੀਂ,
ਧਰਤੀ ਸੂਰਜ ਵੇਖੇ ਮੈਂ ਤਾਂ, ਸੱਖਮ-ਸੱਖਣੀ ਝੋਲ ਭਰਦਿਆਂ।

***

ਮੇਰਾ ਇੱਕ ਓਂਕਾਰ ਪਿਆਰਾ, ਦੇਵੇ ਲੱਖ ਨਜ਼ਰਾਨੇ।
ਬੇ-ਅੰਤੇ ਦੇ ਅੰਤਹੀਣ ਨੇ, ਆਦਿ ਜੁਗਾਦਿ ਖ਼ਜ਼ਾਨੇ।
ਸਾਡੀ ਤਲਬ ਹਮੇਸ਼ਾਂ ਮਿੱਟੀ, ਮੰਗਦਾ ਨਾ ਸ਼ਰਮਾਈਏ,
ਸ਼ਬਦ ਸੁਰਤਿ ਜੇ ਟਿਕਵੀਂ ਮੰਗਦੇ, ਲਾਉਂਦੇ ਤੀਰ ਨਿਸ਼ਾਨੇ।

***

ਗੁਰੂ ਦਾ ਸੁਨੇਹਾ ਪੁੱਤ ਬਾਣੀ ਨੂੰ ਸੰਭਾਲਿਉ।
ਮਿੱਟੀ ਹਵਾ ਨਾਲ ਸ਼ੁੱਧ ਪਾਣੀ ਨੂੰ ਸੰਭਾਲਿਉ।
ਲਿੱਸੇ ਨੂੰ ਨਾ ਕੁੱਟੇ ਕੋਈ, ਕਿਰਤੀ ਨਾ ਲੁੱਟੇ ਕੋਈ,
ਭਲਾ ਸਰਬੱਤ ਵਾਲੀ, ਤਾਣੀ ਨੂੰ ਸੰਭਾਲਿਉ।

***

ਇੱਕ ਓਂਕਾਰ ਸਿਖਾਵੇ ਏਕਾ, ਸਬਕ ਮੂਲ ਨਾ ਭੁੱਲਿਓ।
ਤੰਦ ਕਦੇ ਕਮਜ਼ੋਰ ਪਵੇ ਨਾ, ਓਇ ਮੋਤੀ ਅਣਮੁੱਲਿਓ।
ਨਿਸ਼ਚੇ ਬਾਝੋਂ ਥਿੜਕੇ ਮੱਥਾ, ਪੱਲੇ ਭਟਕਣ ਪਾਵੇ,
ਊਣੇ ਭਾਂਡੇ ਵਾਂਗਰ ਐਵੇਂ, ਕੰਢਿਆਂ ਤੋਂ ਨਾ ਡੁੱਲ੍ਹਿਓ।

***

ਭੁੱਲੀਂ ਨਾ ਗੁੱਟ ਫੜਨ ਵਾਲਿਆ, ਮਾਲ਼ਾ ਹੀ ਕਿਰਪਾਨ ਬਣੀ ਸੀ।
ਆਨੰਦਪੁਰੀ ਵਿਸਾਖੀ ਵੇਲੇ ਪੰਜ ਕਕਾਰੀ ਸ਼ਾਨ ਬਣੀ ਸੀ।
ਹੱਕ ਸੱਚ ਦੀ ਰਖਵਾਲੀ ਤੋਂ ਬਿਨ ਗਊ ਗਰੀਬ ਦੀ ਸ਼ਕਤੀ ਹੈ ਇਹ,
ਵਤਨ ਪਿਆਰੇ ਖ਼ਾਤਰ ਇਹ ਹੀ ਭਗਤੀ ਸ਼ਕਤੀ—ਦਾਨ ਬਣੀ ਸੀ।

***

ਹਾਕਮ ਬਣ ਕੇ ਰੋੜ੍ਹ ਰਿਹਾ ਸੀ, ਬੈਠ ਪਹਾੜੋਂ ਭਾਰੇ ਪੱਥਰ।
ਭਾਣਾ ਮੰਨ, ਸਧਾਰਨ ਬੰਦਾ, ਡੋਲ੍ਹ ਰਿਹਾ ਸੀ ਹੁਣ ਤੱਕ ਅੱਥਰ।
ਗੁਰੂ ਨਾਨਕ ਨੇ ਰਾਜੇ ਸ਼ੀਂਹ ਨੂੰ ਕਿਹਾ ਮੁਕੱਦਮ ਕੁੱਤੇ ਬੰਨ੍ਹ ਲੈ,
ਦੱਸਦੇ ਨੇ ਹੁਣ ਵਲੀ ਕੰਧਾਰੀ ਦੇ ਘਰ ਵਿਛਿਆ ਕੋਰਾ ਸੱਥਰ।

***

ਧਰਤਿ ਵੰਗਾਰੇ ਤਖ਼ਤ ਨੂੰ, ਹੋ ਕੇ ਲਾਲੋ ਨਾਲ।
ਨਿਸ਼ਚਾ ਮਨ ਵਿੱਚ ਧਾਰਿਆ, ਸਤਿਗੁਰ ਮੇਰੇ ਨਾਲ।
ਮੈਂ ਮਰਨਾ ਨਹੀਂ ਮਾਰਿਆਂ, ਕੱਢ ਦੇ ਮਨ 'ਚੋਂ ਵਹਿਮ,
ਸਾਡੀ ਰੱਤ 'ਚੋਂ ਅਜੇ ਤੂੰ ਪਹਿਲੀ ਕਿਸ਼ਤ ਸੰਭਾਲ।

***

ਬੁੱਧ ਮਰ ਗਿਆ ਕਹਿੰਦਾ ਕਹਿੰਦਾ, ਬੰਦਿਆ ਓਇ ਤੂੰ ਬਦਲ ਦ੍ਰਿਸ਼ਟੀ।
ਨਜ਼ਰ, ਨਜ਼ਰੀਆ ਨਿਸ਼ਚਤ ਕਰਦੈ, ਚਾਰ ਚੁਫ਼ੇਰੇ ਸਗਲ ਸ੍ਰਿਸ਼ਟੀ।
ਬਦੀਆਂ ਸਿਰ ਬਦਕਾਰ ਹਮੇਸ਼ਾਂ, ਕੁਰਸੀ ਦਾ ਸੱਚ ਵੱਡਾ ਮੰਨੇ,
ਆਸ ਕਿਵੇਂ ਚੰਗੇ ਦੀ ਉਸ ਤੋਂ, ਜਿਸ ਦੀ ਹੋਵੇ ਸੋਚ ਭ੍ਰਿਸ਼ਟੀ।

***

ਬੜੇ ਬਣਾ ਲਏ ਧਰਤੀ ਉੱਤੇ ਗੁਰ ਘਰ ਗਿਰਜੇ ਮਸਜਿਦ ਮੰਦਰ।
ਮਰੇ ਨਾ ਸਾਥੋਂ ਸਾਰਿਆਂ ਕੋਲੋਂ ਦਿਲ ਵਿਚਲਾ ਸ਼ੈਤਾਨੀ ਬੰਦਰ।
ਗਾਜਰ ਮੂਲੀ ਵਾਂਗ ਕੁਤਰੀਏ ਸੂਹੇ ਸੁਪਨਿਆਂ ਵਾਲੇ ਬੰਦੇ,
ਵੇਖੋ! ਆਹ ਕੀ ਰੁੜ੍ਹਿਆ ਜਾਂਦਾ ਦਰਦਾਂ ਦੇ ਦਰਿਆ ਦੇ ਅੰਦਰ।

***

ਧੱਕੇ ਖਾਂਦਾ ਤੁਰਿਆ ਫਿਰਦੈਂ, ਮੂੜ੍ਹ ਮਨਾ ਕਿਉਂ ਮਸਜਿਦ ਮੰਦਰ।
ਸ਼ਬਦ-ਗੁਰੂ ਸਮਝਾਇਐ ਤੈਨੂੰ, ਸਭ ਕੁਝ ਬੰਦਿਆ ਤੇਰੇ ਅੰਦਰ।
ਰੋਜ਼ ਉਡੀਕੇਂ ਹੋਰ ਕੋਈ ਕਿਉਂ, ਆਵੇ ਤੇਰਾ ਰਾਹ ਰੁਸ਼ਨਾਵੇ,
ਕਿਉਂ ਨਾ ਪੈਰੋਂ ਜੂੜ ਉਤਾਰੇਂ, ਲਾਹਵੇਂ ਨਾ ਅਗਿਆਨ ਦੇ ਜੰਦਰ।

***

ਬਿਨ ਸੰਘਰਸ਼ ਕਦੇ ਵੀ ਬੰਦਾ, ਗੱਲਾਂ ਨਾਲ ਮਹਾਨ ਨਹੀਂ ਬਣਦਾ।
ਬਿਨਾ ਤਰਾਸ਼ੇ ਪੱਥਰ ਟੁਕੜਾ, ਮਿੱਟੀ ਹੈ, ਭਗਵਾਨ ਨਹੀਂ ਬਣਦਾ।
ਕਰਮੋਂ ਖੋਟੇ ਬੰਦਿਆਂ ਦੀ ਬੱਸ ਜੀਭ ਬੋਲਦੀ ਰਹੇ ਨਿਰੰਤਰ,
ਬਾਣ ਲੱਗੇ ਬਿਨ ਰੋਸ ਨਾ ਜਾਗੇ, ਐਵੇਂ ਤਾਂ ਮੁੱਕਾ ਨਹੀਂ ਤਣਦਾ।

***

ਹਰ ਯੁਗ ਅੰਦਰ ਸੂਲੀ ਚੜ੍ਹਦਾ ਹੱਕ ਸੱਚ ਲਈ ਧਰਤੀ ਦਾ ਜਾਇਆ।
ਏਸੇ ਕਰਕੇ ਗ਼ਰਜ਼ਾਂ ਮਾਰਿਆਂ, ਆਪਣਾ ਆਪਣਾ ਫ਼ਰਜ਼ ਭੁਲਾਇਆ।
ਹਰ ਵਰਕਾ ਇਤਿਹਾਸ ਦਾ ਪੜ੍ਹ ਲਉ, ਹਰਫ਼ ਹਰਫ਼ ਇਹ ਕੂਕ ਪੁਕਾਰੇ,
ਵਾਰਸ ਉਸ ਦੀ ਛਾਂ ਨੂੰ ਮਾਨਣ, ਪੁਰਖਿਆਂ ਜੋ ਵੀ ਬੂਟਾ ਲਾਇਆ।

***

ਹੇ ਧਰਤੀ ਦੇ ਜਾਇਓ ! ਜਾਗੋ, ਸਾਜ਼ਾਂ ਨਾਲ ਆਵਾਜ਼ ਮਿਲਾਉ।
ਰਾਗ, ਨਾਦ ਸ਼ਬਦਾਂ ਦੀ ਸੰਗਤ, ਭਾਗਾਂ ਵਾਲਿਉ, ਰੂਹ ਤ੍ਰਿਪਤਾਉ।
ਰਾਵੀ ਪਾਰ ਬਾਰ ਦੇ ਢੋਲੇ, ਮਾਝੇ ਦੀ ਸੱਦ, ਹੇਕ ਮਾਲਵਾ,
ਦੇਸ ਦੋਆਬਾ ਸਣੇ ਪੁਆਧਾ, ਮਨ-ਮੰਦਰ ਵਿੱਚ ਜੋਤ ਜਗਾਉ।

***

ਮਨ-ਮੈਦਾਨ ਬਣਾਈਏ ਕਿੱਦਾਂ, ਇਹ ਤਾਂ ਦੱਸ ਦੇ ਯਾਰ ਫ਼ਰੀਦਾ।
ਹੋਰ ਬਥੇਰੀਆਂ ਜੰਗਾਂ ਜਿੱਤੀਏ, ਮਨ ਤੋਂ ਜਾਈਏ ਹਾਰ ਫ਼ਰੀਦਾ।
ਯਤਨ ਬਥੇਰੇ ਕਰਦਾ ਹਾਂ ਪਰ ਨੇੜੇ ਜਾ ਕੇ ਛੁੱਟ ਜਾਏ ਕੰਨੀ,
ਇੱਕ ਰਾਹ ਦੱਸ ਦੇ, ਮਨ ਤੋਂ ਲੱਥੇ ਚੌਰਾਹਿਆਂ ਦਾ ਭਾਰ ਫ਼ਰੀਦਾ।

***

ਪੱਤੀ ਪੱਤੀ ਅੰਦਰ ਕਾਦਰ, ਕਿਸ ਵੇਲ਼ੇ ਰੰਗ ਧਰ ਜਾਂਦਾ ਹੈ।
ਸਾਡੇ ਸੁੱਤਿਆਂ ਸੁੱਤਿਆਂ ਰਸੀਆ, ਫ਼ਲ ਅੰਦਰ ਰਸ ਭਰ ਜਾਂਦਾ ਹੈ।
ਧਰਤੀ ਸੂਰਜ ਪੌਣ ਤੇ ਪਾਣੀ, ਖੇਡ ਖਿਡਾਵੇ ਹਰ ਦਿਨ ਹਰ ਪਲ,
ਕਿਉਂ ਵਣਜਾਰਾ ਦਿਨ ਚੜ੍ਹਦੇ ਹੀ ਟਾਹਣੀ ਸੁੰਨੀ ਕਰ ਜਾਂਦਾ ਹੈ।

***

ਹੱਕ ਸੱਚ ਤੇ ਇਨਸਾਫ਼ ਦੀ ਖ਼ਾਤਰ ਹਰ ਯੁਗ ਸੂਰਾ ਸੂਲ਼ੀ ਚੜ੍ਹਦਾ।
ਫਿਰ ਵੀ ਉਸ ਦੀ ਦਿੱਤੀ ਸਿੱਖਿਆ, ਖੁਟਰ ਜ਼ਮਾਨਾ ਕਿਉਂ ਨਹੀਂ ਪੜ੍ਹਦਾ।
ਇੱਕ ਸੈਂਕੜੇ ਵਿੱਚੋਂ ਪੰਜ ਛੇ ਕੁਰਸੀਧਾਰੀ ਕਰਨ ਖ਼ੁਆਰੀ,
ਸਦੀਆਂ ਬੀਤਣ ਬਾਦ ਅਜੇ ਵੀ ਤਿਲਕਦਿਆਂ ਦਾ ਪੈਰ ਨਾ ਅੜਦਾ।

***

ਸ਼ੁਭਚਿੰਤਨ, ਸੁਭਕਰਮਨ ਕਰਨਾ, ਹਰ ਜੰਦਰੇ ਦੀ ਇੱਕੋ ਚਾਬੀ।
ਕਾਹਲਾ ਨਾ ਪੈ, ਮਿਲੂ ਨਤੀਜਾ, ਕਿਉਂ ਚਾਹੁੰਦਾ ਏਂ ਫ਼ਸਲ ਸ਼ਤਾਬੀ।
ਸਦੀਆਂ ਸਿਦਕ, ਸਮਰਪਣ, ਸੇਵਾ, ਸਹਿਜ ਤੁਰਦਿਆਂ ਸਬਕ ਲਿਆ ਹੈ,
ਰਾਤੋ-ਰਾਤ ਸਿਖ਼ਰ ਨਹੀਂ ਪਹੁੰਚੀ ਸੂਰਮਿਆਂ ਦੀ ਜ਼ਾਤ ਪੰਜਾਬੀ।

***

ਮੇਰੇ ਵੀਰੋ ਆਪਣੇ ਹੱਥੀਂ ਸ਼ੁਭ ਕਰਮਨ ਦਾ ਬੀਜ ਖਿਲਾਰੋ।
ਹਰ ਮਿੱਟੀ ਵਿੱਚ ਉੱਗਣ-ਸ਼ਕਤੀ ਪਿਆਰ ਤਰੌਂਕਾ ਹਰ ਥਾਂ ਮਾਰੋ।
ਏਥੇ ਕੁਝ ਨਹੀਂ ਹੋ ਸਕਦਾ ਹੁਣ ਬਦਲ ਦਿਉ ਬੀਮਾਰ ਨਜ਼ਰੀਆ,
ਕੱਲ੍ਹ ਦਾ ਸੂਰਜ ਵੱਖਰਾ ਹੋਊ ਆਪ ਵੇਖਿਉ ਬਰਖ਼ੁਰਦਾਰੋ।

***

ਰੱਬ ਦੀ ਹੋਂਦ ਪਤਾ ਨਹੀਂ ਮੈਨੂੰ, ਹੈ ਜਾਂ ਨਾ ਇਨਕਾਰ ਨਹੀਂ ਕਰਦਾ।
ਜਿਸ ਨੂੰ ਲੋਕੀਂ ਪੂਜ ਰਹੇ ਨੇ ਉਸ ਨੂੰ ਮੈਂ ਸਵੀਕਾਰ ਨਹੀਂ ਕਰਦਾ।
ਘਾੜਨਹਾਰੇ ਦੀ ਹੈ ਮਿਹਨਤ ਜੇ ਪੱਥਰ ਭਗਵਾਨ ਬਣ ਗਿਆ,
ਹੱਥ ਪੈਰ ਵੀ ਪਾਰ ਲੰਘਾਉਂਦੇ ਸਭ ਕੁਝ ਤਾਰਨਹਾਰ ਨਹੀਂ ਕਰਦਾ।

***

ਛੇੜ ਬੰਸਰੀ ਤਾਨ ਸੁਣਾ ਦੇ ਬੇਸੁਰ ਹਾਂ ਮੈਂ ਕ੍ਰਿਸ਼ਨ ਘਨੱਈਆ।
ਨਫ਼ਰਤ—ਰਾਗ ਸੁਣਦਿਆਂ ਅੱਕੀ, ਬੇਬਸ ਮੇਰੀ ਧਰਤੀ ਮੱਈਆ।
ਕੁਰਸੀ ਦੇ ਹੰਕਾਰ 'ਚ ਅੰਨ੍ਹੇ ਤੋੜ ਰਹੇ ਸੁਰਵੰਤੀ ਵੰਝਲੀ,
ਬਦਲ ਰਹੀ ਵਲਦੀਅਤ ਤਾਂਹੀਓਂ, ਬਣਿਆ ਸਭ ਦਾ ਬਾਪ ਰੁਪਈਆ।

***

ਰੱਬ ਤੋਂ ਜੇਕਰ ਮੰਗਣਾ ਹੈ ਤਾਂ ਨੇਕ-ਪੁਰਸ਼ ਦੀ ਸੰਗਤ ਮੰਗੀਏ।
ਖ਼ਿਮਾ ਕਰਨ, ਮੰਗਣ ਦੀ ਸ਼ਕਤੀ, ਦੇਵਣਹਾਰ ਤੋਂ ਰਤਾ ਨਾ ਸੰਗੀਏ।
ਮੰਦੜੇ ਖ਼ਿਆਲ ਤੇ ਸੁਪਨ ਅਵੱਲੇ, ਭੁੱਲਣ ਵਿੱਚ ਹੀ ਬਰਕਤ ਰਹਿੰਦੀ,
ਦੂਸਰਿਆਂ ਦੇ ਜਾਲ਼ 'ਚ ਫਸ ਕੇ, ਕਿਉਂ ਆਪਣੀ ਜਿੰਦ ਸੂਲ਼ੀ ਟੰਗੀਏ।

***

ਹਰਿਮੰਦਰ ਨੂੰ ਵੇਖਦੀ ਪੂਰੇ ਚੰਨ ਦੀ ਰਾਤ।
ਕੁਦਰਤ ਕਰਦੀ ਗੁਫ਼ਤਗੂ ਸੁਣਦੀ ਰੱਬ ਦੀ ਜ਼ਾਤ।
ਸਾਡੇ ਗੁਰ-ਦਰਬਾਰ ਵਿੱਚ ਹਾਜ਼ਰ ਹੋਇਆ ਨੂਰ,
ਆਸਾ ਰਾਗ ਅਲਾਪਦੀ ਸੁਣ ਲਈ ਮੈਂ ਪਰਭਾਤ।

***

ਗੁਰੂ ਨਾਨਕ ਦੀ ਬਾਣੀ ਪੜ੍ਹਦਾਂ, ਸਿਰ ਬੱਧੀ ਦਸਤਾਰ ਵੀ ਹੈ।
ਦਸਮ-ਪਿਤਾ ਤਾਂ ਮੁਸ਼ਕਿਲ ਵੇਲੇ ਬੇਕਸੀਆਂ ਵਿੱਚ ਯਾਰ ਵੀ ਹੈ।
ਧਰਤੀ ਦੀ ਮਰਯਾਦਾ ਸਮਝਾਂ, ਦੁੱਲਾ, ਬੁੱਲ੍ਹਾ ਬੁੱਕਲ ਵਾਂਗ,
ਫਿਰ ਵੀ ਸੰਗਲ ਟੁੱਟਦੇ ਹੀ ਨਾ ਇਹਦਾ ਮਨ ਤੇ ਭਾਰ ਵੀ ਹੈ।

***

ਗੁੰਮ ਗੁਆਚ ਗਏ ਨੇ ਜਿੱਸਰਾਂ, ਪਿੰਡਾਂ ਵਿੱਚੋਂ ਖੂਹ ਦੇ ਪਾਣੀ।
ਭੀੜ ਫਿਰੇ ਪਈ ਚਾਰ-ਚੁਫ਼ੇਰੇ, ਲੱਭਦੇ ਹੀ ਨਾ ਰੂਹ ਦੇ ਹਾਣੀ।
ਜੀਵੇ ਜਾਗੇ ਦੇਸ਼ ਮਾਲਵਾ, ਪੌਣੀ ਉਮਰ ਗੁਜ਼ਾਰੀ ਜਿੱਥੇ,
ਪਰ ਰੂਹ ਖਿੜਦੀ, ਜਦ ਮਿਲ ਜਾਂਦੇ, ਮਾਝੇ ਵਿਚਲੀ ਜੂਹ ਦੇ ਹਾਣੀ।

***

ਨਜ਼ਰ, ਨਜ਼ਰੀਏ ਅੰਦਰ ਜੇਕਰ ਸ਼ੁਭ ਕਰਮਨ ਦੀ ਰੀਝ ਦਾ ਵਾਸਾ।
ਦੁਨੀਆਂ ਆਪੇ ਭਰ ਦੇਂਦੀ ਹੈ ਪਿਆਰ ਮੁਹੱਬਤ ਵਾਲਾ ਕਾਸਾ।
ਸ਼ੁਭ-ਮਨ, ਬਚਨ, ਕਰਮ ਦਾ ਨਾਂ ਹੀ ਰੱਖਿਆ ਜਾਪੇ ਸਰਸਵਤੀ ਹੈ,
ਇਹ ਦੇਵੀ ਨਾ ਨਿੱਖੜੇ ਮੈਥੋਂ ਮੇਰਾ ਇਹ ਹਰ ਪਲ ਅਰਦਾਸਾ।

***

ਸੂਰਜ ਇੱਕ ਅਨੇਕਾਂ ਰੁੱਤਾਂ ਗੁਰੂ ਨਾਨਕ ਫੁਰਮਾਇਆ।
ਫੁੱਲ-ਪੱਤੀਆਂ ਖ਼ੁਸ਼ਬੋਈਆਂ ਇਸ 'ਚੋਂ ਸਰਬ ਖ਼ਜ਼ਾਨਾ ਪਾਇਆ।
ਪਰ ਏਨੀ ਗੱਲ ਕਦੇ ਨਾ ਭੁੱਲਿਓ, ਬਿਰਖ਼-ਬਰੂਟਿਓ, ਬੰਦਿਓ,
ਜੜ੍ਹਾਂ ਸਲਾਮਤ ਰਹਿਣ ਜਦੋਂ ਤੱਕ, ਓਦੋਂ ਤੀਕਰ ਕਾਇਆ।

***

ਹੋਰ ਕਿਸੇ ਨੂੰ ਕਿਉਂ ਪੁੱਛਦੇ ਹੋ, ਆਪਣੀ ਸ਼ਕਤੀ ਆਪ ਨਿਹਾਰੋ।
ਸਾਰਾ ਕੁਝ ਵਿਸ਼ਵਾਸ ਦੇ ਅੰਦਰ, ਸਮਝ ਲਵੋ ਇਹ ਬਰਖ਼ੁਰਦਾਰੋ।
ਮਨ ਹੈ ਜੋਤਿ ਸਰੂਪ ਪੜ੍ਹੋ ਜੇ, ਜੋ ਗੁਰ ਗੂੜ੍ਹਾ ਲਿਖਿਆ ਮੱਥੇ,
ਜੇਕਰ ਪੱਲੇ ਪਾਕਿ-ਦ੍ਰਿਸ਼ਟੀ ਸਗਲ ਸ੍ਰਿਸ਼ਟੀ ਆਪ ਸੰਵਾਰੋ।

***

ਸਿਰਜਣਹਾਰਾ ਹਾਜ਼ਰ ਹਰ ਥਾਂ ਫੁੱਲ-ਪੱਤੀਆਂ ਖ਼ੁਸ਼ਬੋਈਆਂ ਅੰਦਰ।
ਮੈਂ ਹੀ ਕਿਤੇ ਗੁਆਚ ਗਿਆ ਸਾਂ ਸੁੱਤੀਆਂ ਰੀਝਾਂ ਮੋਈਆਂ ਅੰਦਰ।
ਰੁੱਤਾਂ ਨੇ ਜਦ ਰੂਪ ਬਦਲਿਆ ਟਾਹਣੀ ਟਾਹਣੀ ਖਿੜੇ ਸ਼ਗੂਫ਼ੇ,
ਏਦਾਂ ਲੱਗਿਆ ਮੁੜ ਆਇਆ ਮੈਂ ਲਗਰਾਂ ਨਰਮ ਨਰੋਈਆਂ ਅੰਦਰ।

***

ਵੇਚ ਰਹੇ ਨੇ ਧਰਮ ਧਰਾਤਲ, ਮੰਡੀਆਂ ਵਿੱਚ ਵਪਾਰਾਂ ਵਾਲੇ।
ਮਨ ਤੇ ਮੁੱਖ ਵਿੱਚ ਬੜਾ ਫ਼ਾਸਲਾ, ਰੱਖਦੇ ਗੁੱਝੀਆਂ ਮਾਰਾਂ ਵਾਲੇ।
ਸੜਿਆ ਜੰਗਲ, ਪੱਤ ਹਰਿਆਲੇ ਬਾਕੀ ਬਚ ਗਏ ਆਖ ਰਹੇ ਨੇ,
ਕੁੱਲ ਆਲਮ ਦੀਆਂ ਖ਼ੈਰਾਂ ਮੰਗੋ, ਸਿਰ ਬੱਧੀਆਂ ਦਸਤਾਰਾਂ ਵਾਲੇ।

***

ਕਦੇ ਅਜਾਈਂ ਜਾਂਦੀ ਨਹੀਉਂ, ਰੂਹ-ਵੰਤੀ ਅਰਦਾਸ ਕਦੇ ਵੀ।
ਬੰਦੇ ਵਿੱਚ ਬੰਦੇ ਦਾ ਏਦਾਂ, ਟੁੱਟੇ ਨਾ ਵਿਸ਼ਵਾਸ ਕਦੇ ਵੀ।
ਨਫ਼ਰਤ ਦੀ ਧੂਣੀ ਦਾ ਧੁਖਣਾ, ਤਨ ਮਨ ਦੋਵੇਂ ਰਾਖ਼ ਬਣਾਵੇ,
ਕੋਸ਼ਿਸ਼ ਕਰਿਉ, ਬੋਲ ਤੁਹਾਡੇ, ਬਣਨ ਨਾ ਰੂਹ ਤੇ ਲਾਸ ਕਦੇ ਵੀ।

***

ਕਰਜ਼ਿਆਂ ਦੀ ਪੰਡ ਭਾਰੀ ਧੌਣ ਤੇ, ਕੋਈ ਨਾ ਅੰਤ ਹਿਸਾਬ।
ਪਤਾ ਨਹੀਂ ਕਿਉਂ ਆਖੀ ਜਾਈਏ, ਰੰਗਲਾ ਦੇਸ਼ ਪੰਜਾਬ।
ਕੁੱਲ ਦੁਨੀਆਂ ਦਾ ਰਾਜਕ, ਦਾਤਾ, ਕਰੇ ਦਿਹਾੜੀ ਵੇਖੋ,
ਮਿੱਧ ਸੁੱਟਿਆ ਜਰਵਾਣਿਆਂ, ਖਿੜਿਆ ਸਾਡਾ ਸੁਰਖ਼ ਗੁਲਾਬ।

***

ਜੇ ਜੀਣੈਂ ਤੂੰ ਸੱਜਰੇ ਸਾਹੀਂ, ਖੁੱਲ੍ਹੇ ਰੱਖ ਲੈ ਦਿਲ ਦਰਵਾਜ਼ੇ।
ਪੌਣ-ਪਰਿੰਦੇ ਆ ਜਾ ਸਕਦੇ ਇਸ ਰਾਹ ਥਾਣੀਂ ਬੇਆਵਾਜ਼ੇ।
ਬੂਹੇ ਬੰਦ ਖਿੜਕੀਆਂ ਪਰਦੇ, ਮਰਨ-ਤਿਆਰੀ ਲੱਗਦੀ ਤੇਰੀ,
ਕੰਧਾਂ ਵਿੱਚ ਤਰੇੜਾਂ ਪਾਟਣ ਜਿਸ ਘਰ ਸੁਪਨੇ ਆਉਣ ਨਾ ਤਾਜ਼ੇ।

***

ਵਗਦੇ ਦਰਿਆ ਦੇ ਵਿੱਚ ਸੂਰਜ, ਸਣ ਕੇਸੀਂ ਇਸ਼ਨਾਨ ਕਰੇਗਾ।
ਮਗਰੋਂ ਸਾਰਾ ਦਿਨ ਇਹ ਸਾਨੂੰ ਸੁੱਚੀਆਂ ਕਿਰਨਾਂ ਦਾਨ ਕਰੇਗਾ।
ਫ਼ਲ, ਫੁੱਲ, ਦਾਣਿਆਂ ਨਾਲ ਭਰੇਗੀ, ਮਾਂਗ ਸੰਧੂਰੀ ਕਰਕੇ ਝੋਲ਼ੀ,
ਧਰਤਿ ਸੁਹਾਗਣ ਵਾਂਗ ਸਜੇਗੀ ਜਦ ਵੀ ਏਧਰ ਧਿਆਨ ਕਰੇਗਾ।

***

ਵੇਲ ਬੂਟਿਆਂ ਦਾ ਮਨ ਮਸਤਕ ਪੱਤਰਾਂ ਉੱਤੋਂ ਪੜ੍ਹ ਸਕਦੇ ਹੋ।
ਫੁੱਲ ਪੱਤੀਆਂ ਖ਼ੁਸ਼ਬੋਈਆਂ ਥਾਣੀਂ, ਕੁਦਰਤ ਅੰਦਰ ਵੜ ਸਕਦੇ ਹੋ।
ਪੱਤੇ ਪੱਤੇ ਲਿਖੀ ਇਬਾਰਤ, ਜੇਕਰ ਪੜ੍ਹਨਾ ਸਿੱਖ ਲਵੋ ਤਾਂ,
ਹਰਫ਼ ਹਰਫ਼ ਪੌੜੀ ਦਰ ਪੌੜੀ, ਸਰਬ ਚੋਟੀਆਂ ਚੜ੍ਹ ਸਕਦੇ ਹੋ।

***

ਸੂਰਜ ਦੀ ਅੱਖ ਰਹਿਮਤ ਬਣ ਕੇ ਕਿੱਥੇ ਰੰਗ ਨੂੰ ਧਰ ਜਾਂਦੀ ਹੈ।
ਵੇਖ ਲਵੋ ਕਾਦਰ ਦੀ ਕੁਦਰਤ ਕੀ ਕੀ ਜਲਵੇ ਕਰ ਜਾਂਦੀ ਹੈ।
ਵਣ ਹਰਿਆਲੇ ਅੰਦਰ ਪੱਤੀਆਂ ਜ਼ਰਦ ਲਬਾਂ ਤੇ ਜੀਕੂੰ ਲਾਲੀ,
ਇੱਕ ਅਸੀਸ ਕ੍ਰਿਸ਼ਮਾ ਕਰਕੇ, ਜ਼ਿੰਦਗੀ ਵਿੱਚ ਰੰਗ ਭਰ ਜਾਂਦੀ ਹੈ।

***

ਸਾਵੀ ਵਰਦੀ ਪਹਿਨ ਖਲੋਤੀ ਕੁਦਰਤ ਦਾ ਪ੍ਰਤਾਪ ਕਮਾਲ।
ਵਕਤ ਬੜਾ ਹੀ ਨੇੜੇ, ਖਿੜਨੇ, ਕੁੱਛੜ ਵਿੱਚ ਫੁੱਲ ਸੂਹੇ ਲਾਲ।
ਚੜ੍ਹਦੀ ਧੁੱਪ ਤੋਂ ਕਿਰਨਾਂ ਲੈ ਕੇ, ਜ਼ਿੰਦਗੀ ਵਿੱਚ ਰਸ ਘੋਲ ਰਹੀ ਹੈ,
ਖੁਸ਼ਕਿਸਮਤ ਨੇ ਮਾਨਣ ਵਾਲੇ, ਰੋਜ਼ ਸਵੇਰੇ ਹੋਣ ਨਿਹਾਲ।

***

ਧਰਤੀ ਦੇ ਪੁੱਤ ਬਿਰਖ਼ ਨਿਮਾਣੇ, ਥੋੜੀ ਜਹੀ ਥਾਂ ਮੱਲਦੇ।
ਵਾਹ! ਕੁਦਰਤ ਦਾ ਜਲਵਾ ਵੇਖੋ ਸਾਨੂੰ ਪੱਖੀਆਂ ਝੱਲਦੇ।
ਹਰ ਚਿਹਰੇ ਤੇ ਲਾਲੀ ਖ਼ਾਤਰ ਬੀਜ ਲਵੋ ਹਰਿਆਲੀ,
ਜੇ ਚਾਹੋ ਜੱਗ ਕਹੇ ਸਪੁੱਤਰ, ਫ਼ਿਕਰ ਕਰੋ ਕੁਝ ਕੱਲ੍ਹ ਦੇ।

***

ਕਾਹਨੂੰ ਮੁਰਝਾਇਆ ਓਇ ਤੂੰ ਫੁੱਲ ਹੈਂ ਗੁਲਾਬ ਦਾ।
ਏਨਾ ਮੰਦਾ ਹਾਲ ਹੋਇਆ ਤੇਰੇ ਕਿਉਂ ਸ਼ਬਾਬ ਦਾ।
ਮਿਲਿਆ ਜਵਾਬ, ਸੁਣ, ਮੈਂ ਤਾਂ ਸੁੰਨ ਹੋ ਗਿਆ,
ਜੜ੍ਹਾਂ ਚ ਸਿਉਂਕ ਮੇਰੇ, ਵਾਸੀ ਹਾਂ ਪੰਜਾਬ ਦਾ।

***

ਸੁਰਖ਼, ਗੁਲਾਬੀ, ਨੀਲੀ, ਪੀਲੀ ਡੋਡੀ ਵਿੱਚ ਇਕਰਾਰ ਦਾ ਵਾਸਾ।
ਖਿੜਿਆਂ ਰੌਣਕ ਲੱਗ ਜਾਣੀ ਹੈ, ਮਨ ਵਿੱਚ ਪੱਕਾ ਹੈ ਭਰਵਾਸਾ।
ਨਾ ਤੋੜੀਂ ਨਾ ਲਗਰ ਮਰੁੰਡੀਂ, ਇਹ ਤਾਂ ਹੈ ਵਿਸਮਾਦ ਪਰਾਗਾ,
ਸੁੱਖ-ਮ-ਸੱਖਣਾ ਭਟਕੇਂਗਾ ਫਿਰ, ਜ਼ਿੰਦਗੀ ਦਾ ਫੜ ਖ਼ਾਲੀ ਕਾਸਾ।

***

ਚੜ੍ਹਦਾ ਸੂਰਜ ਵੰਡਦਾ ਫਿਰਦੈ, ਵੇਖ ਲਵੋ ਚਾਨਣ ਦੀ ਮਹਿੰਦੀ।
ਜਿੱਥੇ ਜਿੱਥੇ ਪਵੇ ਚਾਨਣਾ, ਉਸ ਥਾਂ ਹਰ ਪਲ ਬਰਕਤ ਰਹਿੰਦੀ।
ਮਹਿੰਦੀ ਦੇ ਪੱਤ ਘੋਟ ਘੋਟ ਕੇ, ਦੁਨੀਆਂ ਜਿਸ ਨੂੰ ਤਲੀਏਂ ਲਾਵੇ,
ਇਹ ਰੰਗ ਕੱਚੇ ਲਹਿ ਜਾਣੇ ਨੇ, ਚਾਨਣ ਦੀ ਮਹਿੰਦੀ ਨਾ ਲਹਿੰਦੀ।

***

ਜਦ ਤਕ ਮੇਰੀਆਂ ਜੜ੍ਹਾਂ ਸਲਾਮਤ, ਮੈਂ ਨਾ ਗੂੜ੍ਹ ਹਨ੍ਹੇਰ ਤੋਂ ਡਰਦਾ।
ਵੀਰ ਮੇਰਿਆ ! ਜੀਣ ਜੋਗਿਆ, ਤੇਰੇ ਤੋਂ ਕਿਸ ਗੱਲ ਦਾ ਪਰਦਾ।
ਟਾਹਣੀ ਪੱਤੇ ਫ਼ਲ ਫੁੱਲ ਮੇਰੇ, ਸਗਲ ਵਜੂਦ ਹਵਾਲੇ ਤੇਰੇ,
ਇਕ ਦੂਜੇ ਦੀ ਧਿਰ ਬਣ ਜਾਈਏ, ਨਾ ਫਿਰ ਤੂੰ ਨਾ ਮੈਂ ਹੀ ਮਰਦਾ।

***

ਰੋਕੋ ਵਗਣੋਂ ਤਪਦੀਆਂ ਪੌਣਾਂ, ਮਨ ਮਸਤਕ ਦੀ ਜੂਹੇ।
ਇਹ ਹੀ ਵਧ ਕੇ ਘਰ ਦਰ ਮੱਲੇ, ਪਾਉਂਦੀ ਜਿਸਮ ਫਲੂਹੇ।
ਐਸੀ ਸੋਚ ਛਿੜਕ ਲਉ ਵੀਰੋ, ਰੂਹ ਦੇ ਤਪਦੇ ਵਿਹੜੇ,
ਪੱਤ ਹਰਿਆਲੇ, ਸੁਰਖ਼ ਫੁੱਲਾਂ ਨੂੰ, ਤੱਤੀ 'ਵਾ ਨਾ ਲੂਹੇ।

***

ਪੱਤਿਆਂ ਨੂੰ ਕੁਝ ਏਦਾਂ ਤੱਕਿਓ, ਜਿਉਂ ਹੁੰਦੇ ਇਕਰਾਰ ਦੇ ਵਰਕੇ।
ਬਿਰਖ਼ ਕਹਿਣ ਕਵਿਤਾਵਾਂ, ਪੜ੍ਹ ਲਉ, ਸਮਿਆਂ ਦੇ ਇਜ਼ਹਾਰ ਦੇ ਵਰਕੇ
ਹੇ ਮਨ ਮੇਰੇ, ਤੇਰੇ ਸਨਮੁਖ, ਵੇਖ ਕਿਵੇਂ ਕੁਦਰਤਿ ਬਲਿਹਾਰੀ,
ਟਾਹਣੀ ਟਾਹਣੀ ਲਿਖ ਦਿੱਤੇ ਨੇ, ਧਰਤੀ, ਕੌਲ-ਕਰਾਰ ਦੇ ਵਰਕੇ।

***

ਮੋਹ ਸੱਖਣੇ ਮਨ, ਟੁੱਟ ਕੇ ਟਾਹਣੀਓਂ ਸੁੱਕਦੇ ਸੁੱਕਦੇ ਸੁੱਕ ਜਾਂਦੇ ਨੇ।
ਸੋਹਣੇ ਦਿਸਦੇ ਹਰੀਅਲ, ਤੋਤੇ, ਸਾਂਝ ਭਰੱਪਣ ਟੁੱਕ ਜਾਂਦੇ ਨੇ।
ਲਗਰ ਝੂੰਮਦੀ, ਜਦ ਵੀ ਬਹੁਤੀ, ਤੇਜ਼ ਹਵਾ ਸੰਗ ਆਢਾ ਲਾਵੇ,
ਜਨਮ—ਜ਼ਾਤ ਦੇ ਰਿਸ਼ਤੇ ਪਹਿਲਾਂ, ਟੁੱਟਦੇ, ਮਗਰੋਂ ਮੁੱਕ ਜਾਂਦੇ ਨੇ।

***

ਵਿੱਚ ਪੋਟਲੀ ਰਹਿਮਤ ਬੰਨ੍ਹ ਕੇ, ਕੁਦਰਤ ਨੇ ਵਰਦਾਨ ਭੇਜਿਆ।
ਖੁਸ਼ੀਆਂ ਖੇੜੇ, ਵੱਸਣ ਵਿਹੜੇ, ਸੁਰਖ਼ ਸ਼ਗਨ-ਸਾਮਾਨ ਭੇਜਿਆ।
ਫਿਰ ਵੀ ਬੰਦਾ ਨਹੀਂ ਜੇ ਰੱਜਦਾ, ਇਹ ਸਭ ਲੈ ਕੇ ਰੋਈ ਜਾਵੇ,
ਰੱਬ ਵੀ ਸੋਚੇ, ਮੈਂ ਧਰਤੀ ਤੇ, ਇਹ ਕੈਸਾ ਇਨਸਾਨ ਭੇਜਿਆ।

***

ਬਦਲ ਗਏ ਰੰਗ ਪਿੱਪਲ ਪੱਤਿਓ, ਰੁੱਤ ਬਦਲਣ ਤੇ ਝੜ ਜਾਓਗੇ।
ਕਿਰ ਜਾਵਣ ਤੋਂ ਬਾਦ ਧਰਤ ਦੀ ਬੁੱਕਲ ਅੰਦਰ ਵੜ ਜਾਓਗੇ।
ਇਹ ਜ਼ਿੰਦਗੀ ਰੰਗਾਂ ਦਾ ਮੇਲਾ, ਪਲ ਪਲ ਰੰਗ ਵਟਾਵੇ, ਵੇਖੋ,
ਜਦੋਂ ਫੁਟਾਰੇ ਦੀ ਰੁੱਤ ਆਈ, ਫਿਰ ਟਾਹਣਾਂ ਤੇ ਚੜ੍ਹ ਜਾਓਗੇ।

***

ਪੱਤਿਆਂ ਦੇ ਸ਼ੀਸ਼ੇ ਵਿੱਚ ਚਿਹਰਾ ਵੇਖਣ ਵਾਲੇ ਮੁੱਕਦੇ ਜਾਂਦੇ।
ਭਰੇ—ਭਰਾਤੇ ਜੰਗਲ ਮੰਗਲ, ਬਿਨ ਪਾਣੀ ਤੋਂ ਸੁੱਕਦੇ ਜਾਂਦੇ।
ਹੇ ਮਨ ਮੇਰੇ! ਤਨ ਤੰਦੂਰ ਚ ਅਗਨ ਬਾਲਦਾ ਸੜ ਜਾਵੇਂਗਾ,
ਇਸ ਧਰਤੀ ਤੇ ਬਾਗਬਾਨ ਕਿਉਂ, ਫ਼ਰਜ਼ ਨਿਭਾਉਣੋਂ ਉੱਕਦੇ ਜਾਂਦੇ।

***

ਹਰ ਬੂਟੇ ਦੀ ਰੀਝ ਸਦੀਵੀ ਜੀਵਣ ਪੱਤ ਹਰਿਆਲੇ।
ਫੁੱਲਾਂ ਲੱਦੀਆਂ ਟਾਹਣੀਆਂ ਗਾਵਣ, ਗੀਤ ਮੁਹੱਬਤਾਂ ਵਾਲੇ।
ਹਰ ਇੱਕ ਜੀਂਦੀ ਟਾਹਣੀ ਦਾ ਮੂੰਹ, ਸੁਰਖ਼ ਸੰਧੂਰੀ ਹੋਵੇ,
ਵੇਲ ਬੂਟਿਆਂ ਥਾਣੀਂ ਖੁੱਲ੍ਹਦੇ ਜਦ ਧਰਤੀ-ਮੂੰਹ ਤਾਲੇ।

***

ਸਰਦ-ਸਿਆਲੇ, ਪਾਲ਼ਿਆਂ ਆ ਕੇ, ਸਬਜ਼ ਬਹਾਰਾਂ ਲੁੱਟੀਆਂ।
ਪੱਤਝੜ ਆਈ ਬਿਰਖ ਬਰੂਟਿਆਂ ਹਿੱਕ ਵਿੱਚ ਰੀਝਾਂ ਘੁੱਟੀਆਂ।
ਧਰਤੀ ਮਾਂ ਨੇ ਕਿਹਾ ਬਿਰਖ ਨੂੰ, ਤੂੰ ਪੁੱਤਰਾ ਨਾ ਡੋਲੀਂ,
ਆਊ ਰੁੱਤ ਬਸੰਤ ਵੇਖ ਲਈਂ ਫੇਰ ਕਰੂੰਬਲਾਂ ਫੁੱਟੀਆਂ।

***

ਹਰ ਟਾਹਣੀ ਤੋਂ ਪੜ੍ਹੋ ਇਬਾਰਤ ਗੋਬਿੰਦ ਪੱਤੇ ਪੱਤੇ।
ਸਬਜ਼, ਸੁਨਹਿਰੀ ਵਰਕਿਆਂ ਉੱਤੇ, ਅੱਖਰਾਂ ਦੇ ਰੰਗ ਸੱਤੇ।
ਵਿਰਲੀ ਅੱਖ ਨੂੰ ਦਿਸਦਾ ਮਿੱਤਰੋ, ਇਹ ਰੰਗਾਂ ਦਾ ਮੇਲਾ,
ਬਹੁਤੇ ਲੋਕੀਂ ਭਟਕ ਰਹੇ ਅੱਜ, ਫਿਰਦੇ ਤੱਤ ਭੜੱਤੇ।

***

ਦਿਨ ਚੜ੍ਹਿਆ, ਮੂੰਹ ਧੋ ਰਹੇ, ਤੁਪਕੇ ਵੇਖ ਤਰੇਲ਼ ਦੇ।
ਅੰਬਰੋਂ ਉੱਤਰਨ, ਵੇਖ ਕਿੰਜ, ਪੱਤਿਆਂ ਨੂੰ ਮਿਲ ਖੇਲ੍ਹਦੇ।
ਕਦ ਤੱਕ ਅੱਖੀਆਂ ਮੀਟ ਕੇ, ਬਲਿਹਾਰੀ, ਨੂੰ ਤਰਸਣਾ,
ਦੱਸੀ ਮੈਨੂੰ ਕੈਦੀਆ, ਬੰਦ ਕਮਰੇ ਦੀ ਜੇਲ੍ਹ ਦੇ।

***

ਜੜ੍ਹਾਂ ਸਲਾਮਤ ਹੋਣ ਤਾਂ ਟਾਹਣੀਆਂ ਫ਼ਲ ਫੁੱਲ ਗੋਦ ਖਿਡਾਵਣ।
ਬਿਨ ਮਿਹਨਤ ਨਾ ਮਿਲਦੇ ਖੇੜੇ, ਰੰਗ ਧਰਤੀ ਨਾ ਲਾਵਣ।
ਬੀਜ ਬਣੇ ਬੂਟਾ ਤੇ ਖਿੜਦਾ, ਫੁੱਲ ਤੋਂ ਬੀਜ ਦੋਬਾਰਾ,
ਤੇਰੀ, ਮੇਰੀ, ਸਭ ਦੀ ਜ਼ਿੰਦਗੀ, ਇੰਜ ਹੀ ਆਵਣ ਜਾਵਣ।

***

ਤੇਜ਼-ਤਰਾਰ ਹਵਾਈ ਘੋੜੇ, ਇਸ ਧਰਤੀ ਤੇ ਕਿੰਨੇ ਫਿਰਦੇ।
ਰੋਜ਼ ਉਡੀਕਣ ਸੜਕਾਂ ਕੰਢੇ, ਰਿਸ਼ੀ ਰੂਪ ਰੁੱਖ ਕਿੰਨੇ ਚਿਰ ਦੇ।
ਮੱਥੇ ਅੰਦਰ ਤੀਜਾ ਨੇਤਰ, ਇਹ ਵੇਖਣ ਲਈ ਸ਼ਰਤ ਜ਼ਰੂਰੀ,
ਮੈਂ ਜੋ ਆਪਣੀ ਅੱਖੀਂ ਡਿੱਠਾ, ਡਾਲੀਆਂ ਮੂੰਹੋਂ ਫੁੱਲ ਪਏ ਕਿਰਦੇ।

***

ਜਿੰਨ੍ਹਾਂ ਨੂੰ ਮੈਂ ਪੱਖੀਆਂ ਝੱਲੀਆਂ, ਅੱਜ ਉਹ ਮੈਥੋਂ ਦੂਰ ਬੇਲੀਓ।
ਏਸੇ ਰੋਗ ਸੁਕਾਇਆ ਮੈਨੂੰ, ਮੈਂ ਸਾਂ ਹਰਾ ਕਚੂਰ ਬੇਲੀਓ।
ਜੜ੍ਹਾਂ ਸਲਾਮਤ ਰੱਖਣ ਖ਼ਾਤਰ, ਪਿਆਰ ਦਾ ਪਾਣੀ ਪਾਉਂਦੇ ਰਹਿਣਾ,
ਮੇਰੇ ਮਗਰੋਂ ਫਿਰ ਲਗਰਾਂ ਤੇ, ਫੁੱਟਣੇ ਸੱਜਰੇ ਪੂਰ ਬੇਲੀਓ।

***

ਵੇਖ ਲਵੋ ਪੱਤਝੜ ਕੀ ਆਈ, ਰੁੱਖ ਵੀ ਪੱਤ ਵਿਛੋੜਨ ਲੱਗੇ।
ਹਰਿਆਲੀ ਦੀ ਪੀਂਘ ਝੂਟਦੇ, ਰੂਪ ਬਦਲ ਕੇ ਹੋ ਗਏ ਬੱਗੇ।
ਕੁਦਰਤ ਦਾ ਵਰਤਾਰਾ ਹੈ ਇਹ, ਪਲ ਪਲ ਰੰਗ ਵਟਾਉਂਦੇ ਰਹਿਣਾ,
ਧੁੱਪ ਤੇ ਛਾਂ ਬਲਦਾਂ ਦੀ ਜੋੜੀ, ਜ਼ਿੰਦਗੀ ਦਾ ਰੱਥ ਤੋਰਨ ਅੱਗੇ।

***

ਪੱਤਿਆਂ ਦੇ ਮੱਥੇ ਦੀਆਂ ਲੀਕਾਂ ਅੱਜ ਕੱਲ੍ਹ ਕੌਣ ਖਲੋ ਕੇ ਪੜ੍ਹਦਾ।
ਮਨ ਵਿੱਚ ਅਗਨ ਬਿਰਖ਼ ਦੇ ਕਾਰਨ ਕੋਮਲ ਹਿਰਦਾ ਰਹਿੰਦਾ ਸੜਦਾ।
ਹੇ! ਕੁਦਰਤ ਦੇ ਸਿਰਜਣਹਾਰੇ, ਇਹ ਸਾਨੂੰ ਤੌਫ਼ੀਕ ਬਖ਼ਸ਼ ਦੇ,
ਸਹਿਜ ਬਖ਼ਸ਼ ਦੇ, ਸੁਹਜ ਮਾਣੀਏ, ਰੋੜ੍ਹ ਲਵੇ ਨਾ ਪਾਣੀ ਹੜ੍ਹ ਦਾ।

***

ਬੁੱਕਲ ਵਿੱਚ ਫੁੱਲ, ਕਲੀਆਂ ਤੇ ਫ਼ਲ ਕਿੰਨਾ ਕੁਝ ਹੈ ਬਰਖੁਰਦਾਰੋ।
ਧਰਤੀ ਮਾਂ ਦੀ ਸੰਗਤ ਮਾਣੋ ਵਕਤ ਗੁਜ਼ਰਦਾ ਜਾਵੇ ਯਾਰੋ।
ਧਰਤੀ ਪਾਲ਼ੇ ਬਿਰਖ਼ ਬਰੂਟੇ, ਰਿਸ਼ਤੇ ਨਾਤੇ ਹੋਰ ਬੜਾ ਕੁਝ,
ਮੱਕੜੀ ਜਾਲ ਦੀ ਤੰਦ ਵੀ ਜੋੜੇ, ਆਪਣੇ ਅੰਦਰ ਝਾਤੀ ਮਾਰੋ।

***

ਪੰਜਾਂ ਵਿੱਚ ਪਰਮੇਸ਼ਰ ਵੱਸਦਾ, ਤੀਜੀ ਨੇਤਰ—ਜੋਤ ਜਗਾਉ।
ਸੂਰਜ ਟਿੱਕੀ ਚੜ੍ਹਨ ਸਾਰ ਹੀ, ਬਲਿਹਾਰੀ ਸੰਗ ਨੈਣ ਮਿਲਾਉ।
ਵੇਦ, ਕਤੇਬ, ਗਰੰਥ, ਗੁਰੂ ਸਭ ਇਕ ਉਪਦੇਸ਼ ਸੁਣਾ ਕੇ ਤੁਰ ਗਏ,
ਸ਼ਬਦ—ਗੁਰੂ ਸੰਦੇਸ਼ ਸੁਹਾਵਾ, ਬਿਰਖ਼-ਕਿਤਾਬਾਂ ਪੜ੍ਹਦੇ ਜਾਉ।

***

ਅੱਕ–ਕੱਕੜੀ ਦਾ ਫੰਬਾ ਜੀਕੂੰ, ਜ਼ਿੰਦਗੀ ਵੀ ਹੈ ਭਰਮ ਛਲਾਵਾ।
ਪਤਾ ਨਹੀਂ ਕਦ ਮੌਤ ਕੁਲਹਿਣੀ ਪਿਆਰ ਬਹਾਨੇ ਭਰੇ ਕਲ਼ਾਵਾ।
ਹਰ ਪਲ ਜਸ਼ਨ ਮਨਾ ਮਨ ਮੇਰੇ, ਲੰਘ ਜਾਵੇ ਨਾ ਮਾਨਣ ਵੇਲ਼ਾ,
ਜੇ ਨਾ ਸਾਂਭ ਸਕੇਂਗਾ ਅੱਜ ਨੂੰ, ਪੱਲੇ ਰਹਿ ਜਾਣਾ ਪਛਤਾਵਾ।

***

ਲੱਗਿਆ ਹੈ ਕਿਰਨਾਂ ਦਾ ਮੇਲਾ ਸੂਰਜ ਚੜ੍ਹਦੀ ਗੁੱਠੇ ਚੜ੍ਹਿਆ।
ਧੁੱਪ ਮਲ਼ੀ ਪੱਤਿਆਂ ਹੱਥ ਮਹਿੰਦੀ, ਵੇਖ ਲਵੋ ਰੰਗ ਚੋਖਾ ਚੜ੍ਹਿਆ।
ਜ਼ਿੰਦਗੀ ਦੇਵਣਹਾਰ ਸੂਰਜਾ, ਸਾਰੇ ਫ਼ਲ ਫੁੱਲ, ਰੰਗ ਖ਼ੁਸ਼ਬੋਈ,
ਮਹਾਂ–ਕਾਵਿ ਹੈ ਸਗਲ ਬਨਸਪਤਿ, ਇੱਕ ਵੀ ਹਰਫ਼ ਅਸਾਂ ਨਾ ਪੜ੍ਹਿਆ।

***

ਵੇਲ ਦਿਆਂ ਪੱਤਿਆਂ ਤੇ ਲਿਖਿਆ ਵਧਣਾ ਫੁੱਲਣਾ ਫ਼ਲਣਾ।
ਸੂਰਜ ਤੋਂ ਲੈ ਕਿਰਨਾਂ ਦਾ ਬੁੱਕ, ਪੱਤੇ ਪੱਤੇ ਮਲ਼ਣਾ।
ਕੁਦਰਤ ਖੇਡ ਤਮਾਸ਼ਾ ਕਰਕੇ ਕੀ ਕੀ ਰੰਗ ਵਿਖਾਏ,
ਮਿੱਟੀ ਦੇ ਵਿੱਚ ਜੰਮਣਾ, ਪਲਣਾ ਮੁੜ ਮਿੱਟੀ ਰਲ਼ਣਾ।

***

ਦਿਨ ਚੜ੍ਹਿਆ ਸੰਗਰਾਂਦ ਦਿਹਾੜਾ, ਮੱਘਰ ਪਾਇਆ ਫੇਰਾ ਵੀ ਹੈ।
ਸਰਦ ਸਿਆਲ ਬਰੂੰਹੀਂ ਢੁੱਕਿਆ, ਗਰਮੀ ਚੁੱਕਿਆ ਡੇਰਾ ਵੀ ਹੈ।
ਸੂਰਜ ਵੀ ਪਰਿਕਰਮਾ ਕਰਦੈ, ਧਰਤ–ਕਿਤਾਬੋਂ ਪੜ੍ਹਿਆ ਮੈਂ ਤਾਂ,
ਹਰ ਪੱਤੇ ਦੇ ਸੰਗ ਸਾਥ ਵਿੱਚ ਚਾਨਣ ਨਾਲ ਹਨ੍ਹੇਰਾ ਵੀ ਹੈ।

***

ਨਰਗਸੀ ਫੁੱਲਾਂ ਦੀ ਸੰਗਤ ਮਾਣ ਲੈ ਤੂੰ।
ਮਹਿਕ ਦੇ ਸਿਰਨਾਵਿਆਂ ਨੂੰ ਜਾਣ ਲੈ ਤੂੰ।
ਭਟਕ ਨਾ ਐਵੇਂ ਪਿਆ ਹੁਣ ਥਾਂ ਕੁਥਾਵੇਂ,
ਨਗਨ–ਰੂਹ, ਫੁੱਲਾਂ ਦੀ ਚਾਦਰ ਤਾਣ ਲੈ ਤੂੰ।

***

ਵਣ ਹਰਿਆਲੇ ਪਾਲਣਹਾਰੀ ਮੈਂ ਧਰਤੀ ਬਿਨ ਮਾਂ ਨਹੀਂ ਵੇਖੀ।
ਸੂਈ ਨੱਕੇ ਜਿੰਨੀ ਧੁੱਪ ਵੀ, ਬਿਰਖ਼ਾਂ ਥੱਲੇ ਤਾਂ ਨਹੀਂ ਵੇਖੀ।
ਡੱਬਿਆਂ ਦੇ ਵਿੱਚ ਬੰਦ ਨਾ ਬੈਠੋ, ਸਬਕ ਪੜ੍ਹੋ ਕੁਦਰਤ ਨੇ ਲਿਖਿਆ,
ਆਪਣੀ ਅੱਗ ਵਿੱਚ ਸੜਨ ਵਾਲਿਓ, ਫਿਰ ਨਾ ਕਹਿਣਾ ਛਾਂ ਨਹੀਂ ਵੇਖੀ।

***

ਫੁੱਲ ਮਗਰੋਂ ਫ਼ਲ ਟਾਹਣੀ ਲਮਕਣ, ਵੇਖ ਲਵੋ ਇਕਰਾਰ ਦੇ ਵਰਕੇ।
ਬੀਜ ਬਣਨਗੇ, ਫਿਰ ਉੱਗਣਗੇ, ਸੂਹੀ ਸੁਰਖ਼ ਬਹਾਰ ਦੇ ਵਰਕੇ।
ਪੱਤਝੜ ਆਈ, ਫਿਰ ਕੀ ਹੋਇਆ, ਦਿਵਸ ਰਾਤ ਦੇ ਗੇੜੇ ਵਾਂਗੂੰ,
ਆਸ ਉਮੀਦ ਜਿਊਂਦੀ ਰੱਖਣਾ, ਮੌਲਣਗੇ ਗੁਲਜ਼ਾਰ ਦੇ ਵਰਕੇ।

***

ਮਨ ਮੌਸਮ ਕਿੰਨਾ ਬਦਲ ਗਿਆ, ਪੱਤੇ ਵੀ ਪਰਿੰਦੇ ਲੱਗਦੇ ਨੇ।
ਸੂਰਜ ਦਾ ਚਾਨਣ ਅੰਗ ਸੰਗ ਹੈ ਪੱਤਰ ਵੀ ਸੂਹੇ ਦਗ਼ਦੇ ਨੇ।
ਧੁੱਪ ਛਾਂ ਤਾਂ ਖੇਡ ਖਿਡਾਵੀਆਂ ਨੇ, ਹਰ ਪੱਤੇ, ਬੂਟੇ, ਟਾਹਣ ਲਈ,
ਜੇ ਤਾਰ ਜੁੜੇ ਬਲਿਹਾਰ ਨਾਲ ਤਾਂ ਮਨ ਵਿੱਚ ਦੀਵੇ ਜਗਦੇ ਨੇ।

***

ਪੱਤੇ ਨਾ ਇਹ ਲੱਗਦੈ ਮੈਨੂੰ ਕੂੰਜੜੀਆਂ ਤਿਰਹਾਈਆਂ।
ਸਫ਼ਰ ਹਜ਼ਾਰਾਂ ਮੀਲਾਂ ਕਰਕੇ ਦੂਰ ਦੇਸ ਤੋਂ ਆਈਆਂ।
ਸਾਕ ਤਾਂ ਨਿਭਦੇ ਮਿਲਿਆਂ ਗਿਲਿਆਂ, ਇਹ ਚੇਤੇ ਕਰਵਾਵਣ,
ਬਹਿ ਜਾ, ਸੁਣ ਤੇ ਦਿਲ ਦੀ ਕਹਿ ਜਾ ਖ਼ੁਸ਼ੀਆਂ ਹੋਣ ਸਵਾਈਆਂ।

***

ਸੂਰਜ ਦੇ ਜਾਗਣ ਤੋਂ ਪਹਿਲਾਂ, ਜੋ ਲੋਕੀਂ ਪਰਭਾਤ ਵੇਖਦੇ।
ਵਡਭਾਗੇ ਨੇ ਜੋ ਉਸ ਵੇਲੇ ਅੱਵਲ ਅੱਲ੍ਹਾ ਜ਼ਾਤ ਵੇਖਦੇ।
ਦੋ ਅੱਖੀਆਂ ਵਿੱਚ ਨੂਰੀ ਚਾਨਣ ਸਗਲ ਹਯਾਤੀ ਉਸ ਥਾਂ ਜਗਦਾ,
ਜੋ ਤੱਕਦੇ ਬਲਿਹਾਰੀ ਵੱਸਦਾ, ਕਣ ਕਣ ਕਾਇਨਾਤ ਵੇਖਦੇ।

***

ਹਰ ਪੱਤੇ ਦੇ ਪਿੱਛੇ ਬਹਿ ਕੇ ਸੂਰਜ ਕਰਦਾ ਅੱਖ ਮਟੱਕੇ।
ਖੇਡਦਿਆਂ ਫੁੱਲਾਂ ਵਿੱਚ ਭਰਦਾ, ਰੰਗ ਨਵੇਲੇ ਪੂਰੇ ਪੱਕੇ।
ਆ ਨੀ ਜਿੰਦੇ ਭਰ ਭਰ ਮੁੱਠੀਆਂ, ਇਸ ਦੌਲਤ ਨੂੰ ਕੱਠੀ ਕਰੀਏ,
ਕੱਚੜਿਆਂ ਸੰਗ ਉਮਰ ਗਵਾਈ, ਤਾਂ ਹੀ ਦਰ ਦਰ ਪੈਂਦੇ ਧੱਕੇ।

***

ਦੋ ਅੱਥਰੂ ਹਿੱਕੜੀ ਤੇ ਡੁੱਲ੍ਹ ਪਏ, ਪੱਤੀਆਂ ਜਦੋਂ ਰਚਾਈ ਮਹਿੰਦੀ।
ਫੁੱਲ ਕਲ੍ਹੀਰਿਆਂ ਵਾਂਗੂ ਬੰਨ੍ਹ ਕੇ, ਆਪ ਸੁਣੋ ਕੁਦਰਤ ਕੀ ਕਹਿੰਦੀ।
ਲਗਨ ਅਗਨ ਜੇ ਰਲ ਕੇ ਚੱਲਣ, ਬਲਿਹਾਰੀ ਤਦ ਪਰਗਟ ਹੋਵੇ,
ਧਰਤ ਉਦੋਂ ਫੁਲਕਾਰੀ ਤਾਣੇ, ਇਹ ਰਹਿਮਤ ਨਾ ਸਿਰ ਤੋਂ ਲਹਿੰਦੀ।

***

ਰੁੱਤ ਬਦਲਣ ਤੇ ਸਾਡੀ ਥਾਵੇਂ, ਪੱਤਰ ਨਵਿਆਂ, ਟਾਹਣ ਨੇ ਮੱਲੇ।
ਜਿੰਨੀ ਨਿਭੀ ਨਿਭਾਈ ਆਪਾਂ, ਚੱਲ ਮਨਾਂ ਹੁਣ ਧਰਤੀ ਥੱਲੇ।
ਏਹੀ ਨਿੱਕੀ ਬਾਤ ਬਿਰਖ਼ ਨੇ ਮੈਨੂੰ ਅੱਜ ਸੁਣਾਈ ਏਦਾਂ,
ਵਕਤ ਲਿਹਾਜ਼ ਕਦੇ ਨਹੀਂ ਕਰਦਾ, ਬੰਨ੍ਹ ਬਿਸਤਰਾ ਆਪਾਂ ਚੱਲੇ।

***

ਇਹ ਵੀ ਅੰਬਰੀਂ ਉੱਡਣਾ ਚਾਹੁੰਦੇ ਬਿਰਖ਼—ਬਰੂਟੇ ਪੰਖ ਪਸਾਰਨ।
ਪਰ ਨਾ ਆਪਣੀ ਜੜ੍ਹ ਨੂੰ ਛੱਡਦੇ, ਜੰਮਣਹਾਰੀ ਮਾਂ ਦੇ ਕਾਰਨ।
ਸਰਬ ਜੂਨ ਸਰਵੋਤਮ ਭਰਮੀ, ਬੰਦੇ ਭੱਜਦੇ ਵਾਹੋਦਾਹੀ,
ਪੌਣ—ਸਵਾਰੀ ਕਰਦੇ ਮਰਦੇ, ਬੋਲੀ, ਮਾਂ ਤੇ ਧਰਤ ਵਿਸਾਰਨ।

***

ਵੇਖ ਕਿਵੇਂ ਪਿੱਪਲੀ ਦੇ ਪੱਤਰ ਵੇਖਣ ਚਾਰ ਦਿਸ਼ਾਵਾਂ ਵੱਲ ਨੂੰ।
ਪਹਿਰੇਦਾਰ ਵਕਤ ਦੇ ਜੀਕੂੰ ਵੇਖਣ ਸਮਝਣ ਸਾਰੀ ਗੱਲ ਨੂੰ।
ਹੇ ਮਨ ਮੇਰੇ ! ਪੜ੍ਹਿਆ ਕਰ ਤੂੰ ਪੱਤਿਆਂ ਉੱਪਰ ਕੀ ਕੁਝ ਲਿਖਿਆ,
ਪੀਲੇ ਹੋ ਜਦ ਪੱਤਰ ਝੜ ਗਏ, ਮਗਰੋਂ ਨਾ ਪਛਤਾਵੀਂ ਕੱਲ੍ਹ ਨੂੰ।

***

ਨੀ ਜਿੰਦੇ ਕਿਉਂ ਪਈ ਕੁਰਾਹੇ, ਸਿੱਧੇ ਰਾਹ ਨੂੰ ਮੁੜ ਪਉ ਅੜੀਏ।
ਛਾਲਾਂ ਨਾਲ ਨਾ ਮੰਜ਼ਿਲ ਮਿਲਦੀ, ਕਦਮ ਕਦਮ ਕਰ ਪੌੜੀ ਚੜ੍ਹੀਏ।
ਧਰਤੀ ਲਿਖਦੀ ਸਬਕ ਅਨੋਖੇ ਕਾਗਜ਼ ਦੀ ਥਾਂ ਪੱਤਿਆਂ ਉੱਤੇ,
ਦਿਨ ਚੜ੍ਹਿਆ ਹੈ, ਸਬਕ ਸਦੀਵੀ, ਮੌਸਮ ਦੀ ਦਿਲ ਤਖ਼ਤੀ ਪੜ੍ਹੀਏ।

***

ਸਗਲ ਸਮੁੰਦਰ, ਜਲ ਦੇ ਸੋਮੇ ਭਾਫ਼ ਬਣੇ ਤੇ ਅੰਬਰੀਂ ਛਾਏ।
ਰਾਤ ਪਈ ਤੇ ਠੰਢ ਵਰਤੀ ਜਦ, ਪਰਤ ਪਿਛਾਂਹ ਧਰਤੀ ਵੱਲ ਧਾਏ।
ਰਾਹ ਵਿੱਚ ਬੈਠੇ ਵਣ ਤ੍ਰਿਣ ਬੋਲੇ, ਉਡਣ ਵਾਲਿਓ, ਸੁਣ ਕੇ ਜਾਣਾ,
ਇਹ ਨਾ ਭੁੱਲਿਓ, ਮਿਟਦੀ ਹਸਤੀ, ਜਦ ਬਹਿੰਦੇ ਹਾਂ ਬਾਰ ਪਰਾਏ।

***

ਪੱਕੀਆਂ ਉਮਰਾਂ, ਪੱਤੇ ਹੋ ਗਏ ਵੇਖ ਸੁਨਹਿਰੀ ਰੰਗ ਦੇ ਸੂਹੇ।
ਤੁਰ ਜਾਣੇ ਨੇ ਟਾਹਣੀਆਂ ਛੱਡ ਕੇ ਧੁੜਕੂ ਧੜਕੇ ਦਿਲ ਦੀ ਜੂਹੇ।
ਜਿੰਨੀ ਨਿਭੀ ਨਿਭਾਈ ਆਪਾਂ, ਆ ਪਹੁੰਚਾ ਹੈ ਵਿੱਛੜਨ ਵੇਲਾ,
ਹੋਰ ਘੜੀ ਤੱਕ ਖੁੱਲ੍ਹ ਜਾਣੇ ਨੇ, ਧਰਤੀ ਮਾਂ ਦੇ ਸੁਰਗੀ ਬੂਹੇ।

***

ਸੀਸ ਉਤਾਰਨ ਵਾਲੇ ਸਮਝਣ ਏਸ ਤਰ੍ਹਾਂ ਮੈਂ ਡਰ ਜਾਵਾਂਗਾ।
ਬਿਨ ਪੱਤਿਆਂ ਪਰਿਵਾਰ ਵਿਹੂਣਾ ਮਰਦਾ ਮਰਦਾ ਮਰ ਜਾਵਾਂਗਾ।
ਧਰਤੀ-ਧਰਮ, ਧਰਾਤਲ ਦੋਵੇਂ, ਜਿੰਨਾ ਚਿਰ ਨੇ ਅੰਗ ਸੰਗ ਮੇਰੇ,
ਮੁੜ ਹਰਿਆਲਾ ਹੋ ਜਾਵਾਂਗਾ, ਨਾਲ ਟਾਹਣੀਆਂ ਭਰ ਜਾਵਾਂਗਾ।

***

ਬਿਰਖ਼ਾਂ ਦਾ ਪਰਿਵਾਰ ਝੂੰਮਦੇ ਪੱਤਰ ਹਰੇ ਕਚੂਰ ਵੇਖ ਲਉ।
ਪੱਤਝੜ ਮਗਰੋਂ ਪਵੇ ਪੁੰਗਾਰਾ, ਹੋਵੇ ਰੂਹ ਭਰਪੂਰ ਵੇਖ ਲਉ।
ਰੁੱਖ ਤੇ ਰਿਸ਼ਤੇ ਪਾਲਣ ਦੇ ਲਈ ਮੋਹ ਮਮਤਾ ਦਾ ਨੀਰ ਜ਼ਰੂਰੀ,
ਤੀਜਾ ਨੇਤਰ ਖੋਲ੍ਹ ਕੇ ਮਿੱਤਰੋ, ਹਰ ਕਿਣਕੇ 'ਚੋਂ ਨੂਰ ਵੇਖ ਲਉ।

***

ਕੁਦਰਤ ਦੇ ਸਿਰ ਸਾਵੀ ਚੁੰਨੀ, ਨਾਲ ਮੋਤੀਆਂ ਕਿਵੇਂ ਸ਼ਿੰਗਾਰੀ।
ਤਰੇਲ ਤੁਪਕਿਓ ਛੱਡ ਨਾ ਜਾਇਓ, ਜੇਕਰ ਸਾਂਭੀ ਜ਼ਿੰਮੇਵਾਰੀ।
ਅਰਸ਼ੋਂ ਲੈ ਕੇ ਆਏ ਜਲ ਕਣ, ਮਾਣਕ ਮੋਤੀ ਜੀਕੂੰ ਡਲ੍ਹਕਣ,
ਧਰਤ ਸੁਹਾਗਣ ਲੱਗਦੀ ਏਦਾਂ, ਵਰ ਪਾਇਆ ਇਸ ਨੇ ਬਲਿਹਾਰੀ।

***

ਜੇਕਰ ਧਰਤੀ ਅੰਦਰ ਜੜ੍ਹ ਹੈ, ਅੰਬਰ ਬਹੁਤਾ ਦੂਰ ਨਹੀਂ ਹੈ।
ਜੀਣ ਮਰਨ ਹੈ ਸਾਂਝਾ ਸਾਡਾ, ਨਿੱਖੜਨਾ ਮਨਜ਼ੂਰ ਨਹੀਂ ਹੈ।
ਹੇ ਮਨ ਮੇਰੇ! ਰਹੀਂ ਜਾਗਦਾ, ਬਿਖ਼ਰ ਨਾ ਜਾਵੇ ਤੇਰੀ ਹਸਤੀ,
ਟੁਕੜੇ ਟੁਕੜੇ ਹੋ ਮਰ ਜਾਣਾ, ਚਾਨਣ ਦਾ ਦਸਤੂਰ ਨਹੀਂ ਹੈ।

***

ਮਰ ਚੱਲਿਆ ਕਿਉਂ ਆਲਮ ਸਾਰਾ, ਭੱਜਦੇ ਮਾਰੋ ਮਾਰ ਕਰਦਿਆਂ।
ਖਿੱਲਰ ਚੱਲਿਐ ਕਿਣਕਾ ਕਿਣਕਾ ਰਿਸ਼ਤੇ ਤਾਰੋ ਤਾਰ ਕਰਦਿਆਂ।
ਪਾਕ—ਪਵਿੱਤਰ ਪੁਸਤਕ ਕੁਦਰਤ, ਹਰ ਟਾਹਣੀ ਤੇ ਸਬਕ ਸਦੀਵੀ,
ਝੜ ਕੇ ਵੀ ਮੈਂ ਬੀਜ ਬਣਾਂਗਾ, ਫੁੱਲ ਕਿਹਾ, ਇਕਰਾਰ ਕਰਦਿਆਂ।

***

ਜੜ੍ਹਾਂ ਨੂੰ ਪਾਲਣਹਾਰੀ ਕੁਦਰਤ, ਕੀ ਕੀ ਰੰਗ ਵਿਖਾ ਜਾਂਦੀ ਹੈ।
ਧੁੱਪਾਂ ਦਾ ਰੰਗ ਪੱਤਿਆਂ ਅੰਦਰ, ਕਿਹੜੇ ਵੇਲੇ ਪਾ ਜਾਂਦੀ ਹੈ।
ਖੇਡ ਖਿਡਾਉਂਦੇ ਦਿਨ ਤੇ ਰਾਤਾਂ, ਲੋਰੀ ਦੇਵਣ ਨਿਰਮਲ ਪੌਣਾਂ,
ਹਰਿਆਲੀ ਦੀ ਤਾਕਤ ਵੇਖੋ, ਰੂਹ ਨੂੰ ਰੁਮਕਣ ਲਾ ਜਾਂਦੀ ਹੈ।

***

ਤਰੇਲ ਤੁਪਕਿਆਂ ਦੱਸਿਆ ਮੈਨੂੰ ਆਪਾਂ ਰਲ਼ ਕੇ ਨੀਰ ਬਣਾਂਗੇ।
ਮਨ ਪੱਥਰ ਪਿਘਲਾ ਕੇ ਸਾਰੇ, ਸਮਿਆਂ ਦੀ ਤਕਦੀਰ ਬਣਾਂਗੇ।
ਕਾਲੇ ਸਫ਼ਿਆਂ ਉੱਤੇ ਚਿੱਟੇ ਹਰਫ਼ ਲਿਖਾਂਗੇ ਕਿਰਨਾਂ ਰੰਗੇ,
ਨ੍ਹੇਰੇ ਦੀ ਹਿੱਕ ਚੀਰਨ ਦੇ ਲਈ, ਚਾਨਣ ਦੀ ਸ਼ਮਸ਼ੀਰ ਬਣਾਂਗੇ।

***

ਬਿਰਖ਼ ਕਦੇ ਨਾ ਪੈਰੋਂ ਡੋਲੇ, ਟਾਹਣੀਆਂ ਪੱਤੇ ਡਰ ਜਾਂਦੇ ਨੇ।
ਕੰਬਦੇ ਡਰਦੇ ਕਿਰ ਜਾਂਦੇ ਨੇ, ਮਰਦੇ ਮਰਦੇ ਮਰ ਜਾਂਦੇ ਨੇ।
ਪਰ ਮੈਂ ਵੇਖੇ ਉਹ ਵੀ ਤਰਵਰ, ਹਰ ਮੁਸ਼ਕਿਲ ਵਿੱਚ ਤਣੇ ਖਲੋਤੇ,
ਵੱਖਰੀ ਗੱਲ ਹੈ ਝੱਖੜ ਝਾਂਜੇ, ਜਿਸਮ ਛਾਣਨੀ ਕਰ ਜਾਂਦੇ ਨੇ।

***

ਕਹਿਰ ਕਰੋਪੀ ਮੌਸਮ ਕਾਰਨ ਕਿਰ ਗਏ ਪੱਤ ਖੁਸ਼ਬੋਈਆਂ।
ਬਿਰਖ਼ ਉਦਾਸ, ਪੱਤਝੜਾਂ ਵੇਲੇ ਸੁੰਨੀਆਂ ਟਾਹਣੀਆਂ ਰੋਈਆਂ।
ਜਿੰਨੀ ਨਿਭ ਗਈ, ਸੋਹਣੀ ਗੁਜ਼ਰੀ,ਰੁੱਤਾਂ ਨੇ ਫੁਰਮਾਇਆ,
ਆਸ ਦਾ ਬੂਟਾ ਲੈ ਆਵੇਗਾ ਲਗਰਾਂ ਫੇਰ ਨਰੋਈਆਂ।

***

ਤਰੇਲ ਦੇ ਤੁਪਕੇ ਮਾਣਕ ਮੋਤੀ, ਸੂਰਜ ਗਹਿਣੇ ਨਾਲ ਲਿਆਇਆ।
ਨੀਂਦ ਵਿਗੁੱਤਿਆ, ਬੇਕਦਰਾ ਤੂੰ, ਭੋਰਾ ਉਹਦਾ ਕਦਰ ਨਾ ਪਾਇਆ।
ਹਰ ਬੂਟੇ ਹਰ ਪੱਤੇ ਉੱਤੇ, ਜਲਕਣ ਕਰਨ ਸ਼ਿੰਗਾਰ ਵੇਖ ਲੈ,
ਸਰਦ ਸਿਆਲੀ, ਪੋਹ ਪ੍ਰਭਾਤੇ, ਬਲਿਹਾਰੀ ਧਰਤੀ ਤੇ ਆਇਆ।

***

ਪੁੰਗਰੇ ਬੀਜ ਤੇ ਉੱਗ ਪਏ ਬੂਟੇ, ਟਾਹਣੀਆਂ ਕੁੱਛੜ ਚੰਬਾ ਖਿੜਿਆ।
ਪੌਣ ਵਗੇ ਤਾਂ ਝੂੰਮੇ ਤਨ ਮਨ ਲੱਗਦੈ ਰਾਗ ਇਲਾਹੀ ਛਿੜਿਆ।
ਮੈਂ ਬਲਿਹਾਰੀ ਤੋਂ ਬਲਿਹਾਰੇ, ਕੀ ਕੀ ਰੂਪ ਬਦਲਦੀ ਮਿੱਟੀ,
ਫੁੱਲ ਤੋਂ ਬੀਜ ਬਣਾਇਆ ਮੁੜ ਕੇ, ਚਰਖ਼ ਸਮੇਂ ਦਾ ਐਸਾ ਗਿੜਿਆ।

***

ਖਿੜੇ ਗੁਲਾਬ ਨੇ ਮੈਨੂੰ ਦੱਸਿਆ, ਮੇਰੇ ਰਾਹ ਕੰਡਿਆਲੇ।
ਪੌਣ ਵਗੇ ਇਹ ਜ਼ਖ਼ਮੀ ਕਰਦੇ ਆਪਣੇ ਪੱਤ ਹਰਿਆਲੇ।
ਮੈਂ ਸੁਣਿਆ ਹੈ ਬੰਦਿਆਂ ਵਿੱਚ ਵੀ, ਕੁਝ ਬੇਨਸਲੇ ਹੁੰਦੇ,
ਪਰ ਮੈਂ ਖਿੜਦਾਂ ਉਨ੍ਹਾਂ ਲਈ ਜੋ ਜੀਵ ਮੁਹੱਬਤਾਂ ਵਾਲੇ।

***

ਕੱਕਰੀ ਰਾਤ, ਬਰਫ਼ ਦਾ ਪਹਿਰਾ, ਵਗੇ ਕੁਲਹਿਣੀ ਪੌਣ।
ਬੁੱਕਲ ਅੰਦਰੋਂ ਨਰਮ ਕਰੂੰਬਲ, ਵੇਖੇ ਕੱਢ ਕੇ ਧੌਣ।
ਸੂਰਜ ਮੈਨੂੰ ਨਿੱਘ ਵਰਤਾਉਣਾ, ਕਿਰਨਾਂ ਚਾਨਣ ਕਰਨਾ,
ਉਸ ਬਿਨ ਮੇਰਾ ਇਸ ਧਰਤੀ ਤੇ, ਦੱਸੋ ਦਰਦੀ ਕੌਣ?

***

ਪੱਤਿਆ ਓ ਹਰਿਆਲਿਆ ਪੱਤਿਆ, ਕੋਰਾ ਚੜ੍ਹ ਕੇ ਆਇਆ।
ਵੇਖੀਂ ਤੂੰ ਮੁਰਝਾ ਨਾ ਜਾਵੀਂ, ਸੂਰਜ ਨੇ ਸਮਝਾਇਆ।
ਆਸ ਉਮੀਦ ਗੁਲਾਬੀ ਜੀਵੇ ਜਿਹੜੀ, ਤੇਰੇ ਅੰਦਰ,
ਨਾ ਕੰਬੀਂ ਨਾ ਡੋਲੀਂ ਪੁੱਤਰਾ, ਦਿਲ ਰੱਖ ਤੂੰ, ਮੈਂ ਆਇਆ।

***

ਰੱਬਾ! ਖ਼ੁਸ਼ੀ ਸਾਂਝੀ ਕਰਾਂ ਤੇਰੇ ਬਿਨਾ ਕਿਸ ਨਾਲ।
ਦਿਨ ਚੜ੍ਹਿਆਂ ਤੇ ਦਿੱਤੀ ਤੂੰ "ਅਸੀਸ" ਬਾਕਮਾਲ।
ਮੇਰੀ ਝੋਲੀ ਬੜੀ ਨਿੱਕੀ, ਦੱਸ ਕਿੱਥੇ ਮੈਂ ਸੰਭਾਲਾਂ,
ਮੈਨੂੰ ਭਰ ਕੇ ਤੂੰ ਦਿੱਤਾ ਇਹ ਜੋ ਮੋਤੀਆਂ ਦਾ ਥਾਲ।

***

ਯਾਦ ਨਹੀਂ ਸੀ ਧਰਤੀ ਉਸ ਪਲ, ਜਦੋਂ ਉਡਾਰੀਆਂ ਸੀ ਮਨ ਮੱਤੀਆਂ।
ਚੰਨ ਸਿਤਾਰੇ ਨਿੱਕੇ ਲੱਗਦੇ, ਜਾਪਦੀਆਂ ਸਨ ਐਵੇਂ ਬੱਤੀਆਂ।
ਟੁੱਟੇ ਖੰਭ ਤਾਂ ਚੇਤੇ ਆਇਆ, ਸਾਡੀ ਵੀ ਇੱਕ ਮਾਂ ਹੁੰਦੀ ਸੀ,
ਜਦ ਡਿੱਗਾ ਤਾਂ ਓਹੀ ਧਰਤੀ ਬਣ ਗਈ ਸੇਜ ਗੁਲਾਬੀ-ਪੱਤੀਆਂ।

***

ਚਰਖ਼ ਸਮੇਂ ਦਾ ਤੁਰੇ ਨਿਰੰਤਰ ਇੱਕ ਫੁੱਲ ਕਿਰਦਾ ਦੂਜਾ ਖਿੜਦਾ।
ਪਿਆਰ, ਮੁਹੱਬਤ, ਟਿੰਡਾਂ ਭਰਕੇ ਸਿੰਜਦਾ ਖੇਤ ਜਿਵੇਂ ਖੂਹ ਗਿੜਦਾ।
ਹਰ ਪਲ ਹਰ ਸਾਹ ਟਿਕ ਟਿਕ ਤੁੱਕਾ, ਸੁਣੋ ਸੁਣੋ ਕੀ ਸਬਕ ਪੜ੍ਹਾਵੇ,
ਖ਼ੁਸ਼ਬੂ ਤੇ ਰੰਗ ਰਹਿਣ ਇਕੱਠੇ, ਤੂੰ ਕਿਉਂ ਐਵੇਂ ਰਹਿਦੈਂ ਭਿੜਦਾ।

***

ਲਿਖੀ ਵਸੀਅਤ ਸੁੱਕੇ ਪੱਤਿਉਂ, ਜੇ ਚਾਹੋ ਤਾਂ ਪੜ੍ਹ ਸਕਦੇ ਹੋ।
ਕਾਦਰ ਦਿੱਤੀਆਂ ਧੁੱਪਾਂ ਛਾਵਾਂ, ਰੂਹ ਵਿੱਚ ਮੂਰਤ ਘੜ ਸਕਦੇ ਹੋ।
ਦੋ ਅੱਖੀਆਂ ਤੋਂ ਉੱਪਰ ਵਾਲਾ ਤੀਜਾ ਨੇਤਰ ਜੇ ਖੁੱਲ੍ਹ ਜਾਵੇ,
ਦਿਲ ਮੁੰਦਰੀ ਵਿੱਚ ਸੂਰਜ ਦਾ ਨਗ ਸਹਿਜ ਸੁਭਾਇ ਜੜ ਸਕਦੇ ਹੋ।

***

ਖ਼ਬਰ ਨਹੀਂ ਕੀ ਫੜਨਾ ਚਾਹੇ, ਮੱਕੜੀ ਲਾ ਕੇ ਜਾਲ ਬੇਲੀਆ।
ਲੱਭਿਆ ਨਹੀਂ ਜਵਾਬ ਚਿਰਾਂ ਤੋਂ, ਮਨ ਵਿੱਚ ਅਜਬ ਸਵਾਲ ਬੇਲੀਆ।
ਅੱਜ ਸਵੇਰੇ ਸੂਰਜ ਟਿੱਕੀ ਚੜ੍ਹਦੀ ਮੈਨੂੰ ਇਹ ਸਮਝਾਇਆ,
ਹੋਰ ਕਿਸੇ ਦਾ ਤੂੰ ਕਿਉਂ ਸੋਚੇਂ, ਤੇਰਾ ਵੀ ਇਹ ਹਾਲ ਬੇਲੀਆ।

***

ਪੋਹ ਦੇ ਪਾਲ਼ੇ, ਵਣ ਤ੍ਰਿਣ ਝੰਬਿਆ, ਫਿਰ ਵੀ ਵੇਖ ਲਵੋ ਇਸ ਰੁੱਤੇ।
ਤਰੇਲ ਦੇ ਮੋਤੀ ਡਲ੍ਹਕ ਰਹੇ ਨੇ, ਪੱਤ ਦੀ ਸਬਜ਼ ਹਥੇਲੀ ਉੱਤੇ।
ਸੂਰਜ ਇੱਕ ਤੇ ਰੁੱਤਾਂ ਕਿੰਨੀਆਂ, ਧਰਤੀ ਲਈ ਫੁਲਕਾਰੀ ਬਣੀਆਂ,
ਕਣ ਕਣ ਅੰਦਰ ਰਿਸ਼ਮ ਜਗਾਵੇ, ਸਾਡੇ ਮਨ ਦੇ ਸੁਪਨੇ ਸੁੱਤੇ।

***

ਨੀਲੇ ਅੰਬਰ ਨਾਲ ਗੁਫ਼ਤਗੂ ਕਰਦੇ ਪੱਤ ਹਰਿਆਲੇ।
ਪਰ ਇਨ੍ਹਾਂ ਨੂੰ ਸੁਣਦੇ ਵਿਰਲੇ, ਬੰਦੇ ਕਰਮਾਂ ਵਾਲੇ।
ਸੁੱਤਿਆਂ ਬਹੁਤੇ ਰਾਤ ਗੁਜ਼ਾਰਨ, ਦਿਨੇ ਤਿਤਲੀਆਂ ਫੜਦੇ,
ਏਦਾਂ ਕਰਦਿਆਂ ਲੱਗ ਜਾਂਦੇ ਨੇ, ਮਨ-ਮੰਦਰ ਨੂੰ ਤਾਲੇ।

***

ਜ਼ਿੰਦਗੀ ਜਾਪੇ ਜਸ਼ਨ—ਦਿਹਾੜਾ, ਰੰਗਾਂ ਦਾ ਲੱਗਿਆ ਹੈ ਮੇਲਾ।
ਜਲ ਕਣ ਮੋਤੀਆਂ ਵਾਂਗੂੰ ਡਲ੍ਹਕਣ, ਇੰਜ ਹੀ ਹੁੰਦੈ ਜਨਮ ਸੁਹੇਲਾ।
ਲੜੀ ਪਰੁੱਚੇ ਪੱਤਰ ਸਾਵੇ, ਮਾਣ ਰਹੇ ਫੁੱਲਾਂ ਦਾ ਖੇੜਾ,
ਆ ਮਿਲ ਯਾਰ ਪਿਆਰਿਆ ਤੂੰ ਵੀ, ਕਰ ਨਾ ਐਵੇਂ ਹੋਰ ਕੁਵੇਲਾ।

***

ਕੁਦਰਤ ਰਾਣੀ ਦੀ ਅੱਖ ਅੱਥਰੂ, ਮੇਰੀ ਥਾਂ ਤੇ ਇਹ ਕਿਉਂ ਰੋਵੇ।
ਇਸਦਾ ਦਰਦ ਸਮਝ ਕੇ, ਸੁਧਰਾਂ, ਰੱਬ ਕਰੇ ਜੀ, ਏਦਾਂ ਹੋਵੇ।
ਇਹ ਤਾਂ ਚਲੋ। ਤਰੇਲ ਦਾ ਤੁਪਕਾ, ਟਪਕ ਰਿਹਾ ਏ, ਦਿਨ ਚੜ੍ਹਿਆਂ ਤੋਂ,
ਸਾਡੀਆਂ ਦਿੱਤੀਆਂ ਕਿੰਨੀਆਂ ਪੀੜਾਂ ਕੁਦਰਤ ਸਾਥੋਂ ਸਦਾ ਲੁਕੋਵੇ।

***

ਰਾਤ ਦੀ ਅੱਖ 'ਚੋਂ ਦਰਦ ਪਰੁੱਚੇ ਅੰਬਰੋਂ ਅੱਥਰੂ ਛਲਕਣ।
ਧਰਤੀ ਉੱਤਰਨ, ਕਹਿਣ ਕਹਾਣੀ ਪੱਤਿਆਂ ਕੰਨੀਂ ਜਲ ਕਣ।
ਪੀੜ ਸੁਣੇ ਨਾ ਜਿਸ ਦੀ ਕੋਈ, ਉਹ ਦੱਸ ਕਿੱਧਰ ਜਾਵਣ,
ਪਥਰਾ ਚੱਲੇ, ਅਣਵਿੱਧ ਮੋਤੀ, ਪਲਕੀਂ ਡੱਕੇ ਡਲ੍ਹਕਣ।

***

ਰਾਤ ਨੇ ਘੱਲੇ ਮਾਣਕ—ਮੋਤੀ, ਪੱਤ-ਹਥੇਲੀ ਉੱਪਰ ਧਰ ਕੇ।
ਅੱਖੀਆਂ ਖੋਲ੍ਹ, ਨਿਹਾਰ, ਨੀ ਜਿੰਦੇ, ਮੁੜ ਨਾ ਜਾਣ ਦਸਤਕਾਂ ਕਰ ਕੇ।
ਕੁਦਰਤ ਹਾਰ ਸ਼ਿੰਗਾਰ ਕਰੇ ਇੰਜ, ਰੂਪ ਨਿਖ਼ਾਰੇ ਸਾਡੇ ਮਨ ਦਾ,
ਸੋਨ-ਸਵੇਰ ਸੁਹਾਗ-ਪਟਾਰੀ, ਚੁਣ ਲੈ ਖ਼ੁਸ਼ੀਆਂ ਤੂੰ ਜੀਅ ਭਰ ਕੇ।

***

ਅੱਜ ਸਵੇਰੇ ਵੇਖੇ ਨੇ ਮੈਂ ਪੱਤੇ ਖ਼ੂਬ ਗੁਫ਼ਤਗੂ ਕਰਦੇ।
ਧਰਤੀ ਵਾਲੇ ਲੋਕ ਪਤਾ ਨਹੀਂ ਦਿਲ ਨਾ ਫ਼ੋਲਣ ਕਿਸ ਤੋਂ ਡਰਦੇ।
ਅੰਬਰ ਨੇ ਸਮਝਾਇਆ ਬੱਚਿਉ, ਜੋ ਧਰਤੀ ਨੂੰ ਮਾਂ ਨਹੀਂ ਮੰਨਦੇ,
ਜਿਸ ਦਾ ਬਾਬਲ ਪੈਸਾ ਬਣ ਜੇ, ਉਹ ਸਾਰੇ ਹੀ ਏਦਾਂ ਕਰਦੇ।

***

ਅੰਬਰ ਦੀ ਚਾਦਰ ਤੇ ਕੁਦਰਤ ਵੇਲ—ਬੂਟੀਆਂ ਵਾਹੀਆਂ, ਬੱਲੇ।
ਧਰਤੀ ਵਾਲੇ ਵੇਖ ਰਹੇ ਨੇ, ਮਾਰ ਚੌਂਕੜਾ ਬਹਿ ਕੇ ਥੱਲੇ।
ਮਾਨਣ ਦੇ ਲਈ ਇਹ ਸਾਰਾ ਕੁਝ, ਪਵੇ ਜਗਾਉਣਾ ਤੀਜਾ ਨੇਤਰ,
ਜੇ ਸਿੱਖੀਏ ਵਿਸਮਾਦ ਮਾਨਣਾ, ਮਹਿਕ-ਪਰਾਗੇ ਪੈਂਦੇ ਪੱਲੇ।

***

ਟੁੱਟਿਆ ਖੰਭ ਗੁਆ ਕੇ ਪੰਛੀ, ਛੱਡਦਾ ਨਹੀਂ ਉਡਾਰੀ।
ਭਾਰ ਨਾ ਚੁੱਕੇ ਪਛਤਾਵੇ ਦਾ, ਜਿਸ ਪਰਵਾਜ਼ ਪਿਆਰੀ।
ਧਰਤ ਆਕਾਸ਼ ਬਰਾਬਰ ਦੋਵੇਂ ਜਿਹੜੇ ਨਿਸ਼ਚਾ ਧਾਰਨ,
ਉੱਡਦਾ ਹੈ ਵਿਸ਼ਵਾਸ ਹਮੇਸ਼ਾਂ ਕਰਕੇ ਪੌਣ—ਸਵਾਰੀ।

***

ਵਾਹ ਪ੍ਰਕਿਰਤੀ ਰਾਣੀਏ ਤੈਥੋਂ ਮੈਂ ਬਲਿਹਾਰ।
ਪੱਤਿਆਂ ਸੰਗ ਸੁਨਿਆਰੀਏ, ਕੈਸਾ ਘੜਿਆ ਹਾਰ।
ਸੋਨ—ਸੁਨਹਿਰੀ ਮਹਿੰਗੜੇ ਗਹਿਣੇ ਨਾ ਇਸ ਤੁੱਲ,
ਆਪੇ ਖ਼ੁਦ ਚੋਂ ਸਿਰਜਦੀ ਆਪੇ ਕਰੇਂ ਸ਼ਿੰਗਾਰ।

***

ਟਾਹਣਾਂ ਨਾਲ ਜਦੋਂ ਸੀ ਰਿਸ਼ਤਾ ਲਹਿਰ ਲਹਿਰ ਲਹਿਰਾਉਂਦਾ ਸਾਂ ਮੈਂ।
ਨਾਦ ਇਲਾਹੀ ਅੰਬਰ ਦੇ ਵਿੱਚ ਸੁਣਦਾ ਅਤੇ ਸੁਣਾਉਂਦਾ ਸਾਂ ਮੈਂ।
ਤਣਿਆ ਸਾਂ ਹੰਕਾਰ ਚ, ਤਾਂਹੀਉਂ ਟੁੱਟ ਚੱਲਿਆ ਹਾਂ ਸੱਜਣਾਂ ਨਾਲੋਂ,
ਸੁੱਕਦਾ ਮੁੱਕਦਾ ਅੰਤਮ ਸਾਹੇ, ਦਿਲ ਦਾ ਦਰਦ ਸੁਣਾਉਂਦਾ ਹਾਂ ਮੈਂ।

***

ਮੌਸਮ ਦੀ ਕਰੋਪੀ ਵੇਖ ਲਵੋ, ਪੱਤੇ ਵੀ ਗਿਰਗਿਟ ਲੱਗਦੇ ਨੇ।
ਟਾਹਣਾਂ ਨੂੰ ਨੰਗਿਆਂ ਕਰ ਜਾਂਦੇ, ਪਾਲੇ ਵਿੱਚ ਨਾਲ ਨਾ ਤੱਗਦੇ ਨੇ।
ਜੋ ਨਾਲ ਮਰਨ ਦਾ ਦਮ ਭਰਦੇ, ਛੱਡ ਜਾਂਦੇ ਸਾਰੇ ਏਸ ਤਰ੍ਹਾਂ,
ਜਿਸ ਉੱਪਰ ਚੜ੍ਹਨਾ ਲੋਚ ਰਿਹੈਂ, ਪਰਬਤ ਸਭ ਫੋਕੀ ਝੱਗ ਦੇ ਨੇ।

***

ਵੇਖੋ ਸਿਖ਼ਰ ਦੁਪਹਿਰੇ ਸੁੱਤੀਆਂ ਧਰਤੀ ਉੱਪਰ ਛਾਵਾਂ।
ਲਿਖੀਆਂ ਜਾਪਣ ਕਿਸੇ ਕਵੀ ਨੇ ਮਾਂ ਵਿਹੜੇ ਕਵਿਤਾਵਾਂ।
ਧਰਤੀ ਪੁੱਤਰ ਬਿਰਖ਼ ਹਮੇਸ਼ਾਂ ਛਤਰੀ ਤਾਣ ਖਲੋਵੇ,
ਮੈਂ ਕਿਉਂ ਅਗਨ—ਵਰੋਲਾ ਬਣਿਆ ਮਨ—ਤੰਦੂਰ ਤਪਾਵਾਂ।

***

ਵਾਹ ਨੀ ਧੁੱਪੇ, ਦਿਨ ਚੜ੍ਹਦੇ ਤੂੰ, ਧਰਤ ਤਲੀ ਤੇ ਲਾਈ ਮਹਿੰਦੀ।
ਪੱਤਿਆਂ ਓਹਲੇ ਜਦ ਤੱਕ ਤੂੰ ਹੈਂ, ਇਹ ਗੂੜ੍ਹੀ ਨਾ ਤਲੀਉਂ ਲਹਿੰਦੀ।
ਮਾਂ ਦੀ ਗੋਦੀ ਬਿਰਖ਼, ਬਰੂਟੇ, ਵੰਨ ਸੁਵੰਨੇ ਫ਼ਲ ਫੁੱਲ ਸਾਰੇ,
ਮਹਿਕਣ ਟਹਿਕਣ ਰਸ ਰੰਗ ਵੰਡਣ, ਮਿਹਰ ਸੂਰਜੀ ਜਦ ਤੱਕ ਰਹਿੰਦੀ।

***

ਰਸੇ ਕਮਾਦ, ਕਣਕ ਲਹਿਰਾਵੇ, ਸਰ੍ਹੋਂ ਤੋਰੀਆ ਖਿੜਿਆ।
ਟੁੱਟਾ ਲੱਕ ਸਿਆਲ ਦਾ ਵੇਖੋ, ਜੋ ਫਿਰਦਾ ਸੀ ਤਿੜਿਆ।
ਰਾਗ ਬਸੰਤ ਬਨਸਪਤਿ ਗਾਏ, ਹਰ ਜ਼ੱਰਰਾ ਵਿਸਮਾਦੀ,
ਰੂਪ ਬਦਲਿਆ ਧਰਤੀ ਮੱਈਆ, ਚਰਖ਼ ਸਮੇਂ ਦਾ ਗਿੜਿਆ।

***

ਧਰਤੀ—ਮਾਤ ਸੁਹਾਗਣੇ ਤੇਰਾ ਚਿਹਰਾ ਨੂਰੋ ਨੂਰ।
ਸਾਡੀ ਰੂਹ ਨੂੰ ਪਾਲਦੀ, ਖ਼ੁਸ਼ਬੂ ਸੰਗ ਭਰਪੂਰ।
ਜਿੰਨੇ ਰੰਗ ਕਾਇਨਾਤ ਦੇ, ਵੰਡਦੀ ਬਿਨਾ ਦਰੇਗ,
ਸੁਹਣੇ ਪੱਤ ਹਰਿਆਵਲੇ ਕਲੀਆਂ ਦੇਣ ਸਰੂਰ।

***

ਸੌ ਪੱਤਝੜ ਤੇ ਰੁੱਤ ਬਸੰਤਾਂ ਸੌ ਬਰਸਾਤਾਂ ਲੰਘੀਆਂ।
ਤਿੰਨ ਸੌ ਪੈਂਹਠ ਦਿਨਾਂ ਨੂੰ ਜ਼ਰਬਾਂ ਸੌ ਵਾਰੀ ਖਹਿ ਲੰਘੀਆਂ।
ਇੱਕ ਸਦੀ ਦਾ ਲੰਮੜਾ ਪੈਂਡਾ ਵਿਰਲਿਆਂ ਹਿੱਸੇ ਆਇਆਂ,
ਲੱਖ ਸ਼ੁਕਰਾਨਾ ਜ਼ਿੰਦਗੀ ਦਿੱਤੀਆਂ, ਤੂੰ ਦਾਤਾਂ ਅਣਮੰਗੀਆਂ।

***

ਪੱਤ ਹਰਿਆਲੇ ਦੇ ਚਿਹਰੇ ਤੇ ਸੂਰਜ ਵਾਹੀਆਂ ਵੇਖ ਲਕੀਰਾਂ।
ਧੁੱਪਾਂ ਛਾਵਾਂ ਏਸ ਤਰ੍ਹਾਂ ਹੀ ਮੰਨ ਲੈਂਦੈ ਆਪਾਂ ਤਕਦੀਰਾਂ।
ਸੂਰਜ ਤਪੀਆ ਤਪ ਕਰਦਾ ਹੈ, ਅੰਬਰ ਦੇ ਵਿੱਚ ਮੂਧਾ ਹੋ ਕੇ,
ਕਿੰਨੇ ਰੰਗ ਵਿਖਾ ਦਿੱਤੇ ਨੇ ਸਾਨੂੰ ਸਾਵੇ ਬਿਰਖ਼ ਫ਼ਕੀਰਾਂ।

***

ਖ਼ਬਰ ਨਹੀਂ ਕੀ ਫੜਨਾ ਚਾਹੇ, ਮੱਕੜੀ ਲਾ ਕੇ ਜਾਲ ਬੇਲੀਆ।
ਲੱਭਿਆ ਨਹੀਂ ਜਵਾਬ ਚਿਰਾਂ ਤੋਂ, ਮਨ ਵਿੱਚ ਅਜਬ ਸਵਾਲ ਬੇਲੀਆ।
ਅੱਜ ਸਵੇਰੇ ਸੂਰਜ ਟਿੱਕੀ ਚੜ੍ਹਦੀ ਮੈਨੂੰ ਇਹ ਸਮਝਾਇਆ,
ਹੋਰ ਕਿਸੇ ਦਾ ਤੂੰ ਕਿਉਂ ਸੋਚੇਂ, ਤੇਰਾ ਵੀ ਇਹ ਹਾਲ ਬੇਲੀਆ।

***

ਪੋਹ ਦੇ ਪਾਲ਼ੇ, ਵਣ—ਤ੍ਰਿਣ ਝੰਬਿਆ, ਫਿਰ ਵੀ ਵੇਖ ਲਵੋ ਇਸ ਰੁੱਤੇ।
ਤਰੇਲ ਦੇ ਮੋਤੀ ਡਲ੍ਹਕ ਰਹੇ ਨੇ, ਪੱਤ ਦੀ ਸਬਜ਼—ਹਥੇਲੀ ਉੱਤੇ।
ਸੂਰਜ ਇੱਕ ਤੇ ਰੁੱਤਾਂ ਕਿੰਨੀਆਂ, ਧਰਤੀ ਲਈ ਫੁਲਕਾਰੀ ਬਣੀਆਂ,
ਰਿਸ਼ਮਾਂ ਆਣ ਜਗਾਵਣ ਕਣ ਕਣ, ਸਾਡੇ ਮਨ ਦੇ ਸੁਪਨੇ ਸੁੱਤੇ।

***

ਨੀਲੇ ਅੰਬਰ ਨਾਲ ਗੁਫ਼ਤਗੂ ਕਰਦੇ ਪੱਤ ਹਰਿਆਲੇ।
ਪਰ ਇਨ੍ਹਾਂ ਨੂੰ ਸੁਣਦੇ ਵਿਰਲੇ, ਬੰਦੇ ਕਰਮਾਂ ਵਾਲੇ।
ਸੁੱਤਿਆਂ ਬਹੁਤੇ ਰਾਤ ਗੁਜ਼ਾਰਨ, ਦਿਨੇ ਤਿਤਲੀਆਂ ਫੜਦੇ,
ਏਦਾਂ ਕਰਦਿਆਂ ਲੱਗ ਜਾਂਦੇ ਨੇ, ਮਨ—ਮੰਦਰ ਨੂੰ ਤਾਲੇ।

***

ਜ਼ਿੰਦਗੀ ਜਾਪੇ ਜਸ਼ਨ—ਦਿਹਾੜਾ, ਰੰਗਾਂ ਦਾ ਲੱਗਿਆ ਹੈ ਮੇਲਾ।
ਜਲ ਕਣ ਮੋਤੀਆਂ ਵਾਂਗੂੰ ਡਲ੍ਹਕਣ, ਇੰਜ ਹੀ ਹੁੰਦੈ ਜਨਮ ਸੁਹੇਲਾ।
ਲੜੀ ਪਰੁੱਚੇ ਪੱਤਰ ਸਾਵੇ, ਮਾਣ ਰਹੇ ਫੁੱਲਾਂ ਦਾ ਖੇੜਾ,
ਆ ਮਿਲ ਯਾਰ ਪਿਆਰਿਆ ਤੂੰ ਵੀ, ਕਰ ਨਾ ਐਵੇਂ ਹੋਰ ਕੁਵੇਲਾ।

***

ਕੁਦਰਤ ਰਾਣੀ ਦੀ ਅੱਖ ਅੱਥਰੂ, ਮੇਰੀ ਥਾਂ ਤੇ ਇਹ ਕਿਉਂ ਰੋਵੇ।
ਇਸਦਾ ਦਰਦ ਸਮਝ ਕੇ, ਸੁਧਰਾਂ, ਰੱਬ ਕਰੇ ਜੀ, ਏਦਾਂ ਹੋਵੇ।
ਇਹ ਤਾਂ ਚਲੋ। ਤਰੇਲ ਦਾ ਤੁਪਕਾ, ਟਪਕ ਰਿਹਾ ਏ, ਦਿਨ ਚੜ੍ਹਿਆਂ ਤੋਂ,
ਸਾਡੀਆਂ ਦਿੱਤੀਆਂ ਕਿੰਨੀਆਂ ਪੀੜਾਂ ਕੁਦਰਤ ਸਾਥੋਂ ਸਦਾ ਲੁਕੋਵੇ।

***

ਰਾਤ ਦੀ ਅੱਖ 'ਚੋਂ ਦਰਦ ਪਰੁੱਚੇ ਅੰਬਰੋਂ ਅੱਥਰੂ ਛਲਕਣ।
ਧਰਤੀ ਉੱਤਰਨ, ਕਹਿਣ ਕਹਾਣੀ ਪੱਤਿਆਂ ਕੰਨੀਂ ਜਲ ਕਣ।
ਪੀੜ ਸੁਣੇ ਨਾ ਜਿਸ ਦੀ ਕੋਈ, ਉਹ ਦੱਸ ਕਿੱਧਰ ਜਾਵਣ,
ਪਥਰਾ ਚੱਲੇ, ਅਣਵਿੱਧ ਮੋਤੀ, ਪਲਕੀਂ ਡੱਕੇ ਡਲ੍ਹਕਣ।

***

ਰਾਤ ਨੇ ਘੱਲੇ ਮਾਣਕ ਮੋਤੀ, ਪੱਤ-ਹਥੇਲੀ ਉੱਪਰ ਧਰ ਕੇ।
ਅੱਖੀਆਂ ਖੋਲ੍ਹ, ਨਿਹਾਰ, ਨੀ ਜਿੰਦੇ, ਮੁੜ ਨਾ ਜਾਣ ਦਸਤਕਾਂ ਕਰ ਕੇ।
ਕੁਦਰਤ ਹਾਰ ਸ਼ਿੰਗਾਰ ਕਰੇ ਇੰਜ, ਰੂਪ ਨਿਖ਼ਾਰੇ ਸਾਡੇ ਮਨ ਦਾ,
ਸੋਨ—ਸਵੇਰ ਸੁਹਾਗ—ਪਟਾਰੀ, ਚੁਣ ਲੈ ਖ਼ੁਸ਼ੀਆਂ ਤੂੰ ਜੀਅ ਭਰ ਕੇ।

***

ਅੱਜ ਸਵੇਰੇ ਵੇਖੇ ਨੇ ਮੈਂ ਪੱਤੇ ਖ਼ੂਬ ਗੁਫ਼ਤਗੂ ਕਰਦੇ।
ਧਰਤੀ ਵਾਲੇ ਲੋਕ ਪਤਾ ਨਹੀਂ ਦਿਲ ਨਾ ਫ਼ੋਲਣ ਕਿਸ ਤੋਂ ਡਰਦੇ।
ਅੰਬਰ ਨੇ ਸਮਝਾਇਆ ਬੱਚਿਉ, ਜੋ ਧਰਤੀ ਨੂੰ ਮਾਂ ਨਹੀਂ ਮੰਨਦੇ,
ਜਿਸ ਦਾ ਬਾਬਲ ਪੈਸਾ ਬਣ ਜੇ, ਉਹ ਸਾਰੇ ਹੀ ਏਦਾਂ ਕਰਦੇ।

***

ਅੰਬਰ ਦੀ ਚਾਦਰ ਤੇ ਕੁਦਰਤ ਵੇਲ ਬੂਟੀਆਂ ਵਾਹੀਆਂ, ਬੱਲੇ।
ਧਰਤੀ ਵਾਲੇ ਵੇਖ ਰਹੇ ਨੇ, ਮਾਰ ਚੌਂਕੜਾ ਬਹਿ ਕੇ ਥੱਲੇ।
ਮਾਨਣ ਦੇ ਲਈ ਇਹ ਸਾਰਾ ਕੁਝ, ਪਵੇ ਜਗਾਉਣਾ ਤੀਜਾ ਨੇਤਰ,
ਜੇ ਸਿੱਖੀਏ ਵਿਸਮਾਦ ਮਾਨਣਾ, ਮਹਿਕ—ਪਰਾਗੇ ਪੈਂਦੇ ਪੱਲੇ।

***

ਟੁੱਟਿਆ ਖੰਭ ਗੁਆ ਕੇ ਪੰਛੀ, ਛੱਡਦਾ ਨਹੀਂ ਉਡਾਰੀ।
ਭਾਰ ਨਾ ਚੁੱਕੇ ਪਛਤਾਵੇ ਦਾ, ਜਿਸ ਪਰਵਾਜ਼ ਪਿਆਰੀ।
ਧਰਤ ਆਕਾਸ਼ ਬਰਾਬਰ ਦੋਵੇਂ ਜਿਹੜੇ ਨਿਸ਼ਚਾ ਧਾਰਨ,
ਉੱਡਦਾ ਹੈ ਵਿਸ਼ਵਾਸ ਹਮੇਸ਼ਾਂ ਕਰਕੇ ਪੌਣ—ਸਵਾਰੀ।

***

ਟਾਹਣਾਂ ਨਾਲ ਜਦੋਂ ਸੀ ਰਿਸ਼ਤਾ ਲਹਿਰ ਲਹਿਰ ਲਹਿਰਾਉਂਦਾ ਸਾਂ ਮੈਂ।
ਨਾਦ—ਇਲਾਹੀ ਅੰਬਰ ਦੇ ਵਿੱਚ ਸੁਣਦਾ ਅਤੇ ਸੁਣਾਉਂਦਾ ਸਾਂ ਮੈਂ।
ਤਣਿਆ ਸਾਂ ਹੰਕਾਰ ਚ, ਤਾਂਹੀਉਂ ਟੁੱਟ ਚੱਲਿਆ ਹਾਂ ਸੱਜਣਾਂ ਨਾਲੋਂ,
ਸੁੱਕਦਾ ਮੁੱਕਦਾ ਅੰਤਮ ਸਾਹੇ, ਦਿਲ ਦਾ ਦਰਦ ਸੁਣਾਉਂਦਾ ਹਾਂ ਮੈਂ।

***

ਵਿਹੜੇ ਲੱਗੀ ਡਾਲੀਏ ਤੂੰ ਅੱਥਰੂ ਨਾ ਕੇਰ ਨੀ।
ਦੱਸ ਕਿਹੜੀ ਰਾਤ ਜੀਹਦੀ ਹੁੰਦੀ ਨਾ ਸਵੇਰ ਨੀ।
ਹੋਰ ਘੜੀ ਪਲ ਠਹਿਰ ਚੜ੍ਹ ਜਾਣਾ ਸੂਰਜਾ,
ਕਿਰਨਾਂ ਦਾ ਨਾਚ ਵੇਖੀਂ, ਧਰਤੀ ਚੁਫ਼ੇਰ ਨੀ।

***

ਵਾਹ ਬਲਿਹਾਰੀ, ਧਰਤ ਉਗਾਵੇ, ਬਿਰਖ਼ ਬਰੂਟੇ ਡਾਲੀਆਂ।
ਇਨ੍ਹਾਂ ਦੇ ਰੰਗ ਰਸ ਨੂੰ ਮਾਨਣ ਅੱਖੀਆਂ ਕਰਮਾਂ ਵਾਲੀਆਂ।
ਇੱਕ ਗੱਲ ਹੋਰ ਕਮਾਲ ਹੈ ਤੇਰੀ ਸਭ ਉੱਪਰ ਨੂੰ ਵੇਖਦੀਆਂ,
ਕਈ ਵਾਰੀ ਤਾਂ ਲੱਗਦਾ ਲਾਈਆਂ ਅੰਬਰ ਨੂੰ ਤੂੰ ਜਾਲੀਆਂ।

***

ਬਿਰਖਾਂ ਦੇ ਪਰਛਾਵੇਂ ਲਿਖਦੇ, ਧਰਤੀ ਤੇ ਇਕਰਾਰ ਦੀ ਕਵਿਤਾ।
ਏਸ ਲਿਪੀ ਦਾ ਨਾਮ ਨਾ ਕੋਈ, ਇਹ ਰੂਹ ਦੇ ਇਜ਼ਹਾਰ ਦੀ ਕਵਿਤਾ।
ਵਿਰਲੇ ਬੰਦੇ ਸਹਿਜ—ਮਤੇ ਵਿੱਚ ਪੜ੍ਹਦੇ ਇਸ ਨੂੰ ਨੀਝ ਲਗਾ ਕੇ,
ਕੋਰੇ ਵਰਕੇ ਉੱਪਰ ਲਿਖਦੀ, ਕੁਦਰਤ ਸਾਨੂੰ ਪਿਆਰ ਦੀ ਕਵਿਤਾ।

***

ਚੜ੍ਹੇ ਹਾੜ੍ਹ ਦਾ ਦਿਨ ਸੰਗਰਾਂਦੀ ਚੰਨ ਚੜ੍ਹਿਆ ਬਾਬਲ ਦੇ ਵਿਹੜੇ।
ਚਾਰ ਚੁਫ਼ੇਰੇ ਰਾਤ ਹਨ੍ਹੇਰੀ, ਕਿਰ ਗਏ ਤਾਰੇ ਕਿਹੜੇ ਕਿਹੜੇ।
ਮਾਏ ਨੀ ਸੁਣ ਭੋਲੀਏ ਮਾਏ, ਚੰਨ ਮਾਮੇ ਨੂੰ ਤੂੰ ਸਮਝਾਵੀਂ,
ਨਾ ਮਿਲਿਆਂ ਟੁੱਟ ਜਾਂਦੇ ਏਦਾਂ, ਨਹੁੰ ਤੇ ਮਾਸ ਦੇ ਸਾਕ ਨੇ ਜਿਹੜੇ।

***

ਤਪਤ—ਕੜਾਹਾ ਜੂਨ ਮਹੀਨਾ ਸੁੱਕ ਚੱਲੇ ਨੇ ਪੱਤ ਹਰਿਆਲੇ।
ਨਾਲ ਟਾਹਣੀਆਂ ਕਰਨ ਗੁਫ਼ਤਗੂ, ਆ ਗਏ ਨੇ ਦਿਨ ਵਿੱਛੜਨ ਵਾਲੇ।
ਸੋਚ ਰਿਹਾਂ, ਕੀ ਜੀਵਨ ਲੀਲ੍ਹਾ, ਹਿਜਰ ਵਸਲ ਦਾ ਕੈਸਾ ਬਿੰਦੂ,
ਜ਼ਿੰਦਗੀ ਦੀ ਏਹੀ ਇੱਕ ਚਾਬੀ, ਜਾਨਣ ਵਿਰਲੇ ਕਰਮਾਂ ਵਾਲੇ।

***

ਬੀਜ ਰਹੇ ਰੂਹ ਅੰਦਰ ਸੂਲਾਂ, ਨਵੇਂ ਬਾਗ ਦੇ ਮਾਲੀ।
ਫ਼ਿਕਰ ਕਰੋ ਕੁਝ ਕਰਨੀ ਪੈਣੀ, ਖ਼ੁਸ਼ਬੂ ਦੀ ਰਖਵਾਲੀ।
ਕਿਸ ਟਾਹਣੀ ਤੇ ਬੁਲਬੁਲ ਬੈਠੇ, ਕੋਇਲ ਕੂਕ ਸੁਣਾਵੇ,
ਆਪਣੇ ਪੱਤੇ ਪੱਛਦੀ ਫਿਰਦੀ ਚੰਦਰੀ ਰੁੱਤ ਕੰਡਿਆਲੀ।

***

ਕਿੱਧਰ ਤੁਰ ਗਏ ਬੱਦਲ ਕਾਲ਼ੇ, ਰੁੱਸੀਆਂ ਜਾਪਣ ਕਿਣ ਮਿਣ ਕਣੀਆਂ।
ਧਰਤ ਤਰੇੜਾਂ ਪਾਟੀ ਵਿਲਕੇ, ਤੜਫ਼ੇ ਜਾਨ ਮੁਸ਼ਕਲਾਂ ਬਣੀਆਂ।
ਆ ਗਾਈਏ ਮਲਹਾਰ ਰਾਗ ਨੂੰ, ਸੁਣਕੇ ਕਹਿੰਦੇ ਮੀਹ ਹੈਂ ਵਰ੍ਹਦਾ,
ਨਾਲ ਉਮੀਦਾਂ ਜੱਗ ਜਿਉਂਦਾ ਹੈ, ਛੱਡੀਂ ਨਾ ਆਸਾਂ ਦੀਆਂ ਤਣੀਆਂ।

***

ਗਾ ਵੀਰਾ ਮਲਹਾਰ ਕਿ ਧਰਤੀ ਨੱਚੇ ਅੰਬਰ ਗਾਵੇ।
ਰਾਗ ਖ਼ਜ਼ਾਨਿਓਂ ਮਾਣਕ ਮੋਤੀ ਰੂਹ ਦੀ ਝੋਲੀ ਪਾਵੇ।
ਡਲ੍ਹਕਣ ਪੱਤਿਆਂ ਉੱਤੇ ਮੋਤੀ ਸ਼ਬਦ ਅੱਲਾਹੀ ਸੁਣ ਕੇ,
ਇਕੋ ਹੀ ਅਰਦਾਸ ਕਿ ਖੇੜਾ ਹਰ ਦਿਲ ਹਿੱਸੇ ਆਵੇ।

***

ਗ਼ਮ ਦੇ ਕੀੜਿਆਂ ਵਿੱਚੋਂ ਵਿੱਚੋਂ, ਪੱਤ ਹਰਿਆਲੇ ਕਰੇ ਛਾਨਣੀ।
ਕਰਕ-ਕਲੇਜੇ ਮਹਿਰਮ ਬਾਝੋਂ, ਹੋਰ ਭਲਾ ਹੈ ਕਿਸ ਨੇ ਜਾਨਣੀ।
ਵੇਖ ਲਵੋ ਪਰਛਾਵਿਆਂ ਪੱਲੇ, ਓਹੀ ਗ਼ਮ ਦੇ ਦਰਦ ਬਰਾਬਰ,
ਮੱਸਿਆ ਪੁੰਨਿਆ ਇੱਕ ਬਰਾਬਰ, ਜ਼ਖ਼ਮ ਕੁਰੇਦੇ ਰਾਤ ਚਾਨਣੀ।

***

ਕਿਵੇਂ ਕ੍ਰਿਸ਼ਮੇ ਕਰਦੀ ਕੁਦਰਤ, ਹਰ ਪੱਤਾ ਹੈ ਅਜਬ ਕਹਾਣੀ।
ਕਈ ਵਾਰੀ ਤਾਂ ਏਦਾਂ ਲੱਗਦਾ, ਵਣ ਤ੍ਰਿਣ ਸਾਰਾ ਉਲਝੀ ਤਾਣੀ।
ਪਰ ਮਿੱਟੀ ਸੁਲਝਾਵੇ ਗੁੰਝਲ, ਭਟਕ ਰਹੇ ਕਿਉਂ ਬਰਖ਼ੁਰਦਾਰੋ,
ਜੇਹਾ ਬੀਜੋ ਤੇਹਾ ਪਾਲਣ, ਮੇਰੇ ਸੰਗ ਮਿਲ ਪੌਣ ਤੇ ਪਾਣੀ।

***

ਬਿਰਖ਼ ਬਰੂਟੇ ਵੰਨ ਸੁਵੰਨੇ, ਵੱਖਰਾ ਵੱਖਰਾ ਸਭ ਦਾ ਨਾਂ ਹੈ।
ਕੁਝ ਮਿੱਟੀ ਦੀ ਹਿੱਕੜੀ ਸੁੱਤੇ, ਕਈਆਂ ਦੀ ਪਤਰਾਲੀ ਛਾਂ ਹੈ।
ਸੁਰਖ਼ ਲਬਾਂ ਤੇ ਲਾਲੀ ਟਹਿਕੇ, ਪੱਤ ਕੇਲੀ ਦਿਆਂ ਦੱਸਿਆ ਮੈਨੂੰ,
ਸਾਡੀ ਜੜ੍ਹ ਹੈ ਇਸ ਦੇ ਅੰਦਰ, ਸਾਡੀ ਵੀ ਇਹ ਧਰਤੀ ਮਾਂ ਹੈ।

***

ਮੈਂ ਜਾਵਾਂ ਬਲਿਹਾਰੇ ਕਾਦਰ ਵਿੰਗ ਵਲੇਵੇਂ ਵੱਲਾਂ ਵਲ਼ੀਆਂ।
ਜਿਵੇਂ ਕਿਸੇ ਹਲਵਾਈ ਏਥੇ ਹੋਵਣ ਸਬਜ਼ ਜਲੇਬੀਆਂ ਤਲੀਆਂ।
ਕੁਦਰਤ ਦਾ ਵਰਤਾਰਾ ਵੇਖੋ, ਕਿੰਨੇ ਰੂਪ ਵਟਾ ਜਾਂਦੀ ਹੈ,
ਪੱਤ ਹਰਿਆਲੇ, ਤਾਰਾਂ ਅੰਗ ਸੰਗ ਮਾਂ ਮਿੱਟੀ ਦੀ ਗੋਦ ਚ ਪਲ਼ੀਆਂ।

***

ਬਿਰਖ਼ਾਂ ਦੀ ਬੁੱਕਲ ਵਿੱਚ ਬ੍ਰਹਿਮੰਡ ਵੇਖ ਲਵੋ ਕਿੰਜ ਰਹਿ ਸਕਦਾ ਹੈ।
ਸ਼ਾਇਰ ਦੀ ਕਵਿਤਾ ਵਿੱਚ ਇੰਜ ਹੀ ਸੂਰਜ ਗੋਦੀ ਬਹਿ ਸਕਦਾ ਹੈ।
ਕਾਦਰ ਕੁਦਰਤ ਕਰੇ ਕ੍ਰਿਸ਼ਮਾ, ਤਾਰੇ ਗੱਲਾਂ ਕਰਦੇ ਵੇਖੇ,
ਚੰਦਰਮਾ ਦੇ ਨਾਲ ਸਮੁੰਦਰ ਗੁੱਸੇ ਅੰਦਰ ਖਹਿ ਸਕਦਾ ਹੈ।

***

ਰਾਤ ਪਿਆਂ ਤੇ ਨੀਂਦਰ ਖ਼ਾਤਰ, ਧਰਤੀ ਤੇ ਆਕਾਸ਼ ਤਾਣਦਾਂ।
ਮਾਤ ਪਿਤਾ ਏਹੀ ਸੁਤ ਬੰਧਪ ਮੈ ਤਾਂ ਏਨੀ ਬਾਤ ਜਾਣਦਾਂ।
ਕੁਦਰਤ ਤੇਰੇ ਰੰਗ ਨਿਆਰੇ, ਖ਼ਵਾਬ ਖ਼ਿਆਲ ਖਿਲਾਰੇਂ ਕਿੰਨੇ,
ਤੇਰੀ ਬਰਕਤ, ਕੁੱਲ ਪ੍ਰਕਿਰਤੀ ਕਣ ਕਣ 'ਚੋਂ ਵਿਸਮਾਦ ਮਾਣਦਾਂ।

***

ਸ਼ਹਿਰ ਦੇ ਲੋਕੀਂ, ਬਾਰਸ਼ ਵਿੱਚ ਵੀ, ਛਤਰੀ ਤਾਣ ਕੇ ਬਹਿ ਜਾਂਦੇ ਨੇ।
ਸਾਉਣ ਮਹੀਨੇ ਬਦਕਿਸਮਤ ਨੇ, ਭਿੱਜਣ ਤੋਂ ਜੋ ਰਹਿ ਜਾਂਦੇ ਨੇ।
ਰੱਬ ਦਾ ਸੁਖਨ-ਸੁਨੇਹਾ ਲੈ ਕੇ ਮੇਘਦੂਤ ਹੈ ਵਿਹੜੇ ਆਇਆ,
ਕੁੱਲ ਧਰਤੀ ਜਦ ਕਾਗਦ ਬਣਦੀ, ਪਰ ਇਕ ਕੋਰੇ ਰਹਿ ਜਾਂਦੇ ਨੇ।

***

ਸਾਉਣ ਮਹੀਨੇ ਵੀਰ ਮੇਰਿਆ, ਏਨੀ ਸੋਹਣਿਆ ਰਹਿਮਤ ਕਰ ਦੇ।
ਵਰ੍ਹ ਕੇ ਕਿਣ ਮਿਣ ਲਾ ਦੇ ਰੌਣਕ, ਤਪਦੀ ਧਰਤੀ ਜਲ ਥਲ ਕਰ ਦੇ।
ਜੰਤ, ਪਰਿੰਦੇ, ਮਾਣਸ ਦੇ ਮੂੰਹ, ਤੂੰ ਹੀ ਪਾਉਨੈਂ ਅੰਨ ਤੇ ਪਾਣੀ,
ਸਿੰਜ ਦੇ ਧਰਤੀ ਮਾਂ ਦਾ ਵਿਹੜਾ, ਚਾਵਾਂ ਨਾਲ ਭੜੋਲੇ ਭਰ ਦੇ।

***

ਰਾਤ ਦੀ ਅੱਖ ਵਿੱਚ ਅੱਥਰੂ, ਕਤਰਾ ਜਿਵੇਂ ਤਰੇਲ ਦਾ।
ਲੁਕਣ—ਮੀਚਾਈਆਂ ਕਰਦਿਆਂ ਸੂਰਜ ਖੇਡਾਂ ਖੇਲ੍ਹਦਾ।
ਦਿਨ ਤੇ ਰਾਤ ਕਮਾਲ ਹੈ, ਪਲਟੀ ਕੈਸੀ ਮਾਰਦਾ,
ਘੁੰਮਦਾ ਪਹੀਆ ਵਕਤ ਦਾ ਵਿੱਛੜਿਆਂ ਨੂੰ ਮੇਲਦਾ।

***

ਧਰਤੀ ਮਾਂ ਨੇ ਸਭ ਕੁਝ ਦਿੱਤਾ, ਰਸ, ਰੰਗ ਖੁੱਲ੍ਹਾ ਤੇ ਖ਼ੁਸ਼ਬੋਈਆਂ।
ਰੂਹ ਤੇ ਕਿਣ ਨੂਰ ਬਰਸਿਆ, ਚਾਰੇ ਬਾਹੀਆਂ ਰੌਸ਼ਨ ਹੋਈਆਂ।
ਨੱਚਦੀ ਤਿਤਲੀ, ਭੰਵਰੇ ਗੂੰਜਣ, ਫੁਲਵਾੜੀ ਵਿੱਚ ਰੌਣਕ ਮੇਲਾ,
ਧੜਕਣ ਅੰਦਰ ਇਉਂ ਲੱਗਦਾ ਹੈ, ਕਾਦਰ ਮਿਹਰਾਂ ਆਪ ਪਰੋਈਆਂ।

***

ਗੋਲ ਮਟੋਲ ਬਣਾਏ ਵੇਖੋ, ਕੁਦਰਤ ਰਾਣੀ ਕੈਸੇ ਪਹੀਏ।
ਆਓ! ਰੀਸ ਇਨ੍ਹਾਂ ਦੀ ਕਰੀਏ, ਵੱਖਰੇ ਰਹਿ ਕੇ 'ਕੱਠੇ ਬਹੀਏ।
ਪੱਤਾ ਪੱਤਾ, ਵਰਕਾ ਵਰਕਾ, ਚਾਰ ਚੁਫ਼ੇਰੇ ਸ਼ਬਦ ਪੁਕਾਰਨ,
ਅੱਖਰੋ! ਰਲ ਕੇ ਸ਼ਬਦ ਬਣੋ ਹੁਣ, ਗਰਮੀ ਸਰਦੀ ਰਲ ਕੇ ਸਹੀਏ।

***

ਸੁਰਖ਼ ਜਹੇ ਕੁਝ, ਚਿਹਰੇ ਮਿੱਤਰੇ, ਕੁਝ ਕੁ ਪੱਤ ਹਰਿਆਲੇ।
ਵੰਨ ਸੁਵੰਨੇ ਵਣ ਤ੍ਰਿਣ ਜਣ ਕੇ ਮਾਂ ਧਰਤੀ ਸਭ ਪਾਲ਼ੇ।
ਜੋ ਉਪਜੇ ਸਭ ਬਿਨਸੇ ਇੱਕ ਦਿਨ ਮਿੱਟੀ ਅੰਦਰ ਮਿੱਟੀ,
ਇਹ ਪਲ ਜਾਣ ਮਾਣ ਲੈ ਜਿੰਦੇ, ਮੁੜ ਨਹੀਂ ਲੱਭਣੇ ਭਾਲੇ।

***

ਧਰਤੀ ਦਾ ਹਰ ਕਿਣਕਾ ਜਾਗੇ, ਏਥੇ ਕੁਝ ਬੇਨੂਰ ਨਹੀਂ ਹੈ।
ਜਾਗਣ ਵਾਲੀ ਅੱਖ ਨੇ ਦੱਸਿਆਂ, ਕਿਹੜਾ ਜ਼ੱਰਾ ਤੂਰ ਨਹੀਂ ਹੈ।
ਪੱਤ ਹਰਿਆਲੇ ਪਾ ਗਲਵੱਕੜੀ, ਅੰਬਰ ਨੂੰ ਦੱਸਦੇ ਸਿਰਨਾਵਾਂ,
ਸਾਡੀ ਪਾਲਣਹਾਰੀ ਮਾਂ ਦਾ, ਘਰ ਵੀ ਏਥੋਂ ਦੂਰ ਨਹੀਂ ਹੈ।

***

ਸੱਚ ਮੰਨਿਉਂ! ਜੋ ਕਣ ਕਣ ਖ਼ੁਸ਼ਬੂ, ਮੈਂ ਪੱਤਿਆਂ ਤੇ ਲਿਖਿਆ ਪੜ੍ਹਿਆ।
ਰੂਹ ਸਰਸ਼ਾਰ, ਸਦੀਵੀ ਰੰਗਣ, ਧੁਰ ਮਨ ਅੰਦਰ ਚੇਤਰ ਚੜ੍ਹਿਆ।
ਸੁਣੋ ਸੁਨੇਹਾ, ਲੈ ਕੇ ਆਏ, ਫੁੱਲ ਮੌਸਮ ਦੀ ਸਾਹੇ—ਚਿੱਠੀ,
ਮੈਂ ਬਲਿਹਾਰੀ ਤੋਂ ਬਲਿਹਾਰੇ, ਟਾਹਣੀ ਟਾਹਣੀ ਕੀ ਕੁਝ ਜੜਿਆ।

***

ਰਾਤ ਦੀ ਲੋਈ ਪਾਟ ਗਈ ਹੈ, ਸੂਰਜ ਚੜ੍ਹਿਆ, ਛਿਪ ਗਏ ਤਾਰੇ।
ਨਾਚ ਅਲੌਕਿਕ ਕਰੇ ਬਨਸਪਤਿ, ਰੂਹੇ ਮਚਲਣ ਸੁਪਨ—ਕੁਆਰੇ।
ਜ਼ਿੰਦਗੀ ਹੈ ਰੰਗਾਂ ਦਾ ਮੇਲਾ, ਕਣ ਕਣ ਵਿੱਚ ਵਿਸਮਾਦ ਨਿਰੰਤਰ,
ਹੇ ਜਗਦੀਸ਼! ਅਸੀਸ ਦੇ ਸਦਕੇ ਰਹਿਮਤ ਦਾ ਮੀਂਹ ਵਰ੍ਹਿਆ ਸਾਰੇ।

***

ਹੁਸਨ ਸਦੀਵੀ ਲੰਮਾ ਚਿਰ ਤਾਂ, ਅੱਖੀਆਂ ਅੰਦਰ ਬਹਿ ਨਹੀਂ ਸਕਦਾ।
ਦਿਲ ਦੀ ਦੌਲਤ ਜੋ ਬਣ ਜਾਵੇ, ਹੋਰ ਕਿਸੇ ਥਾਂ ਰਹਿ ਨਹੀਂ ਸਕਦਾ।
ਨੈਣ ਨਿਰੰਤਰ ਤੱਕਦੇ ਜਲਵੇ, ਇਸ ਧਰਤੀ ਤੇ ਵੰਨ ਸੁਵੰਨੇ,
ਮੇਰੀ ਧੜਕਣ ਵਿੱਚ ਤੂੰ ਹਾਜ਼ਰ, ਇਸ ਤੋਂ ਅੱਗੇ ਕਹਿ ਨਹੀਂ ਸਕਦਾ।

***

ਜੇ ਵਿਸ਼ਵਾਸ ਪਕੇਰਾ ਹੋਵੇ ਚੁੱਪ ਵੀ ਗੱਲ ਸਮਝਾ ਜਾਂਦੀ ਹੈ।
ਬੇ—ਵਿਸ਼ਵਾਸੀ ਬੋਲਣ ਤੇ ਵੀ ਗੱਲ ਨੂੰ ਕਰ ਗੁੰਮਰਾਹ ਜਾਂਦੀ ਹੈ।
ਰਿਸ਼ਤਿਆਂ ਦੀ ਰੂਹ ਪੜ੍ਹਦੇ ਵੇਲੇ ਇਹ ਗੱਲ ਮੈਂ ਨਾ ਕਦੇ ਵਿਸਾਰੀ,
ਭਰਮਾਂ ਵਾਲੀ ਅਮਰ—ਵੇਲ ਤਾਂ ਬਿਰਖ਼ ਸਬੂਤੇ ਖਾ ਜਾਂਦੀ ਹੈ।

***

ਰੰਗ ਬਰੰਗੇ ਵਸਤਰ ਨੇ ਪਰ ਜ਼ਿੰਦਗੀ ਕਿਉਂ ਬਦਰੰਗ ਵੇ ਲੋਕਾ।
ਚਾਵਾਂ ਨੂੰ ਦੱਸ ਕੌਣ ਮਸਲਦਾ, ਕਰਦਾ ਖੱਜਲ ਤੰਗ ਵੇ ਲੋਕਾ।
ਹਰ ਸੱਸੀ ਦੇ ਪੈਰਾਂ ਥੱਲੇ ਅੱਜ ਵੀ ਤਪਦੀ ਰੇਤ ਥਲਾਂ ਦੀ,
ਰਾਂਝੇ ਦੀ ਥਾਂ ਹੀਰ ਦੇ ਲੇਖੀਂ, ਹਰ ਥਾਂ ਖੇੜੇ ਝੰਗ ਵੇ ਲੋਕਾ।

***

ਅੱਗ ਅੰਦਰ ਘਿਰਿਆ ਜੰਗਲ ਸੀ, ਆਪਾਂ ਤਾਂ ਫਿਰ ਵੀ ਖਿੜਦੇ ਰਹੇ।
ਮਿੱਟੀ ਸੀ ਅੰਗ ਸੰਗ ਮਾਂ ਮੇਰੀ, ਹਰ ਮੌਸਮ ਨਾਲ ਹੀ ਭਿੜਦੇ ਰਹੇ।
ਕੀ ਕਰਦੇ ਨਜ਼ਰੋਂ ਟੀਰਿਆਂ ਦਾ ਜੋ ਰੁੱਤ ਬਸੰਤ ਨਾ ਮਾਣ ਸਕੇ,
ਆਪਣੀ ਹੀ ਅੱਗ ਵਿੱਚ ਸੜਦੇ ਰਹੇ, ਸਾਡੀ ਚੜ੍ਹਤਲ ਤੇ ਚਿੜਦੇ ਰਹੇ।

***

ਸ਼ੀਸ਼ਾ ਲੈ ਕੇ ਫਿਰ ਰਿਹਾਂ ਮੈਂ ਅੰਨ੍ਹਿਆਂ ਦੇ ਸ਼ਹਿਰ ਅੰਦਰ।
ਲੱਭਦਾ ਫਿਰਦਾਂ ਮੈਂ ਅੰਮ੍ਰਿਤ, ਪੌਣ-ਪਾਣੀ ਜ਼ਹਿਰ ਅੰਦਰ।
ਵਹਿ ਰਹੇ ਪਾਣੀ ਦੇ ਕੰਢੇ, ਬੈਠ ਕੇ ਵੀ ਸਮਝਿਆ ਨਾ,
ਖਲਬਲੀ ਕਿੰਨੀ ਕੁ ਡੂੰਘੀ, ਤੜਫਦੀ ਹੈ ਲਹਿਰ ਅੰਦਰ।

***

**ਗਿਆਨੀ ਪਿੰਦਰਪਾਲ ਸਿੰਘ ਦੇ ਨਾਂ**

ਸ਼ੁਭ-ਚਿੰਤਨ ਦਾ ਗਿਆਨ-ਸਰੋਵਰ, ਹਰ ਪਲ ਤਾਜ਼ਾ, ਸੱਜਰਾ ਰਹਿੰਦਾ।
ਹਰ ਮੌਸਮ ਵਿੱਚ ਸਦਾ ਸਲਾਮਤ, ਸਰਦੀ ਗਰਮੀ ਸਿਰ ਤੇ ਸਹਿੰਦਾ।
ਨਵੀਂ ਕਰੂੰਬਲ਼ ਫੁੱਟਣ ਤੇ ਉਹ ਪੱਤਝੜ ਨੂੰ ਵੀ ਚੇਤੇ ਰੱਖਦਾ,
ਬੇ ਪ੍ਰਵਾਹ, ਮਨ ਮੌਜੀ ਹੈ ਉਹ, ਸੂਰਜ ਵਾਂਗੂੰ ਚੜ੍ਹਦਾ ਲਹਿੰਦਾ।

***

# ਪੰਜਾਬ, ਪੰਜਾਬੀ ਤੇ ਪੰਜਾਬੀਅਤ ਦਾ ਭਰ ਵਗਦਾ ਦਰਿਆ

ਗੁਰਭਜਨ ਗਿੱਲ ਨੂੰ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦਾ ਭਰ ਵਗਦਾ ਦਰਿਆ ਕਹਿ ਸਕਦੇ ਹਾਂ। ਉਨ੍ਹਾਂ ਦਾ ਜ਼ਿਕਰ ਕਰਦਿਆਂ। ਸੁਣਦਿਆਂ ਹੀ ਅੱਖਾਂ ਸਾਹਮਣੇ ਪੰਜਾਬੀਅਤ ਦਾ ਉੱਚਾ ਬੁਰਜ ਦਿਸਣ ਲੱਗ ਜਾਂਦਾ ਹੈ ਜਿਸ ਉੱਪਰ ਹਰ ਪੰਜਾਬੀ ਮਾਣ ਕਰਦਾ ਹੈ। ਪ੍ਰੋ. ਗੁਰਭਜਨ ਸਿੰਘ ਗਿੱਲ ਉੱਪਰ ਹਰ ਕੋਈ ਹੱਕ ਰੱਖਦਾ ਹੈ, ਚਾਹੇ ਉਹ ਲਿਖਾਰੀ ਹੋਵੇ, ਖਿਡਾਰੀ ਹੋਵੇ ਜਾਂ ਮੀਤੀਆ ਕਰਨੀ। ਸਿਆਸਤਦਾਨ, ਨੌਕਰਸ਼ਾਹ ਜਾਂ ਫੇਰ ਕੋਈ ਸਧਾਰਣ ਇਨਸਾਨ। ਇੱਥੋਂ ਤੱਕ ਕਿ ਚੜ੍ਹਦਾ ਪੰਜਾਬ ਹੋਵੇ ਜਾਂ ਲਹਿੰਦਾ, ਹਰ ਪੰਜਾਬੀ ਉਨ੍ਹਾਂ ਦੀ ਮਿਕਨਾਤੀਸੀ ਸਖਸ਼ੀਅਤ ਦਾ ਪ੍ਰਭਾਵ ਕਬੂਲਦਾ ਹੈ। ਉਨ੍ਹਾਂ ਦੀ ਸੰਗਤ ਵਿੱਚ ਗੱਲਾਂ ਸੁਣਨ ਵਾਲੇ ਨੂੰ ਚੰਗਾ ਸਾਹਿਤ ਪੜ੍ਹਨ ਜਿੰਨਾ ਸੁਆਦ ਆਉਂਦਾ ਹੈ। ਉਨ੍ਹਾਂ ਦੀ ਰਹਿਣੀ-ਸਹਿਣੀ, ਕਹਿਣੀ-ਕਥਨੀ ਅਤੇ ਲੇਖਣੀ ਨੇ ਹਮੇਸ਼ਾਂ ਹੀ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦਾ ਝੰਡਾ ਉੱਚਾ ਚੁੱਕਿਆ ਹੈ।

ਗੁਰਭਜਨ ਗਿੱਲ ਦਾ ਜਨਮ ਗੁਰਦਾਸਪੁਰ ਦੀ ਤਹਿਸੀਲ ਡੇਰਾ ਬਾਬਾ ਨਾਨਕ ਦੇ ਪਿੰਡ ਬਸੰਤ ਕੋਟ (ਨੇੜੇ ਧਿਆਨਪੁਰ) ਵਿਖੇ 2 ਮਈ 1953 ਨੂੰ ਹੋਇਆ। ਉਨ੍ਹਾਂ ਦਾ ਪਰਿਵਾਰ 1947 ਦੀ ਵੰਡ ਦਾ ਸੰਤਾਪ ਝੱਲ ਕੇ ਰਾਵੀ ਪਾਰਲੇ ਪਿੰਡ ਨਿੱਦੋ ਕੇ (ਨਾਰੋਵਾਲ) ਤੋਂ ਆਇਆ ਸੀ। ਪਿਤਾ ਸ. ਹਰਨਾਮ ਸਿੰਘ ਤੇ ਮਾਤਾ ਤੇਜ ਕੌਰ ਦੇ ਸਭ ਤੋਂ ਛੋਟੇ ਪੁੱਤਰ ਗੁਰਭਜਨ ਗਿੱਲ ਨੂੰ ਸਿੱਖਿਆ ਅਤੇ ਸਾਹਿਤ ਦੇ ਖੇਤਰ ਵਿੱਚ ਸਰਪ੍ਰਸਤੀ ਆਪਣੇ ਘਰੋਂ ਹੀ ਮਿਲੀ। ਸਭ ਤੋਂ ਵੱਡੀ ਭੈਣ ਪ੍ਰਿੰਸੀਪਲ ਮਨਜੀਤ ਕੌਰ ਵੜੈਚ, ਵੱਡੇ ਭਰਾ ਪ੍ਰਿੰਸੀਪਲ ਜਸਵੰਤ ਸਿੰਘ ਗਿੱਲ ਤੇ ਪ੍ਰੋ. ਸੁਖਵੰਤ ਸਿੰਘ ਗਿੱਲ ਦੀ ਮਿਲੀ ਸੇਧ ਨੇ ਗੁਰਭਜਨ ਗਿੱਲ ਵੱਲੋਂ ਲਿਆਕਤ ਦੀ ਨੀਂਹ ਅਜਿਹੀ ਮਜ਼ਬੂਤ ਕੀਤੀ ਕਿ ਹੁਣ ਉਹ ਪੰਜਾਬੀਅਤ ਦਾ ਵੱਡਾ ਬੋਹੜ ਬਣ ਗਿਆ ਹੈ।

ਆਪਣੇ ਪਿੰਡ ਬਸੰਤਕੋਟ ਦੇ ਸਰਕਾਰੀ ਸਕੂਲ ਤੋਂ ਪ੍ਰਾਇਮਰੀ, ਸ਼੍ਰੀ ਬਾਵਾ ਲਾਲ ਹਾਈ ਸਕੂਲ ਧਿਆਨਪੁਰ ਤੋਂ ਦਸਵੀਂ ਤੇ ਗੁਰੂ ਨਾਨਕ ਕਾਲਿਜ ਕਾਲਾ ਅਫ਼ਗਾਨਾ (ਗੁਰਦਾਸਪੁਰ) ਤੋਂ ਬੀ.ਏ. ਭਾਗ ਪਹਿਲਾ ਪਾਸ ਕਰਕੇ ਉਹ 1971 ਵਿੱਚ ਜੀ ਜੀ ਐੱਨ ਖ਼ਾਲਸਾ ਕਾਲਿਜ ਲੁਧਿਆਣਾ ਵਿੱਚ ਪੜ੍ਹਨ ਆ ਗਏ ਜਿੱਥੋਂ 1974 ਵਿੱਚ ਉਨ੍ਹਾਂ ਨੇ ਗਰੈਜੂਏਸ਼ਨ ਕਰਕੇ 1976 'ਚ ਗੌਰਮਿੰਟ ਕਾਲਿਜ ਲੁਧਿਆਣਾ ਤੋਂ ਐੱਮ.ਏ. (ਪੰਜਾਬੀ) ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚੋਂ ਦੂਸਰੀ ਪੁਜ਼ੀਸ਼ਨ ਹਾਸਿਲ ਕਰਕੇ ਪਹਿਲੇ ਦਰਜ਼ੇ 'ਚ ਪਾਸ ਕੀਤੀ। ਲੁਧਿਆਣਾ ਵਿਖੇ ਪੜ੍ਹਾਈ ਦੌਰਾਨ ਪ੍ਰੋ. ਗੁਰਭਜਨ ਸਿੰਘ ਗਿੱਲ ਦੇ ਸੁਫ਼ਨਿਆਂ ਨੂੰ ਪਰਵਾਜ਼ ਮਿਲੀ ਜਿੱਥੇ ਰਾਹ-ਦਿਸੇਰੇ ਵਜੋਂ ਡਾ.ਐਸ.ਪੀ. ਸਿੰਘ ਦੀ ਸ਼ਾਗਿਰਦੀ ਅਤੇ ਮਿੱਤਰ ਵਜੋਂ ਸ਼ਮਸ਼ੇਰ ਸਿੰਘ ਸੰਧੂ ਦਾ ਸਾਥ ਮਿਲਿਆ। 1975 ਵਿੱਚ ਕਾਲਜ ਦੀ ਪੜ੍ਹਾਈ ਦੌਰਾਨ ਗੁਰਭਜਨ ਗਿੱਲ ਕਵਿਤਾ "ਸ਼ੀਸ਼ਾ ਝੂਠ ਬੋਲਦਾ ਹੈ" ਲਿਖਣ ਬਦਲੇ ਨੂੰ ਪਹਿਲਾ ਸਾਹਿਤਕ ਸਨਮਾਨ **'ਸ਼ਿਵ ਕੁਮਾਰ ਬਟਾਲਵੀ ਗੋਲਡ ਮੈਡਲ'** ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਦਿੱਤਾ ਗਿਆ।

ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦੇ ਉਹ 1980 ਵਿੱਚ ਜੀਵਨ ਮੈਂਬਰ ਬਣੇ ਅਤੇ 1984 ਤੋਂ 1988 ਤੱਕ ਇਸ ਮਹਾਨ ਸੰਸਥਾ ਦੇ ਡਾ. ਮਹਿੰਦਰ ਸਿੰਘ ਰੰਧਾਵਾ ਤੇ ਪ੍ਰੋ. ਪ੍ਰੀਤਮ ਸਿੰਘ ਜੀ

ਦੀ ਪ੍ਰਧਾਨਗੀ ਵੇਲੇ ਸਭ ਤੋਂ ਛੋਟੀ ਉਮਰ ਦੇ ਕਾਰਜਕਾਰਨੀ ਮੈਂਬਰ, 1996 ਤੋਂ 2002 ਤੱਕ ਇਸ ਦੇ ਸ. ਅਮਰੀਕ ਸਿੰਘ ਪੂਨੀ ਜੀ ਵੇਲੇ ਮੀਤ ਪ੍ਰਧਾਨ, 2002 ਤੋਂ 2008 ਤੱਕ ਡਾ. ਸੁਰਜੀਤ ਪਾਤਰ ਜੀ ਨਾਲ ਸੀਨੀਅਰ ਮੀਤ ਪ੍ਰਧਾਨ ਤੇ 2010 ਤੋਂ 2014 ਤੱਕ ਇਸ ਮਹਾਨ ਸੰਸਥਾ ਦੇ ਪ੍ਰਧਾਨ ਰਹੇ। ਇਸ ਸਮੇਂ ਦੌਰਾਨ ਨੋਬਲ ਪੁਰਸਕਾਰ ਵਿਜੇਤਾ ਰਾਬਿੰਦਰ ਨਾਥ ਟੈਗੋਰ ਜੀ ਦੀ 150 ਸਾਲਾ ਜਨਮ ਵਰ੍ਹੇਗੰਢ ਮੌਕੇ ਉਨ੍ਹਾਂ ਦੀਆਂ 12 ਕਿਤਾਬਾਂ ਦਾ ਸੈੱਟ ਭਾਰਤੀ ਸਾਹਿੱਤ ਅਕਾਡਮੀ ਨਵੀਂ ਦਿੱਲੀ ਦੀ ਆਰਥਿਕ ਮਦਦ ਨਾਲ ਪ੍ਰਕਾਸ਼ਿਤ ਕਰਕੇ ਸ਼ਾਂਤੀ ਨਿਕੇਤਨ ਸਥਿਤ ਵਿਸ਼ਵ ਭਾਰਤੀ ਯੂਨੀਵਰਸਿਟੀ (ਪੱਛਮੀ ਬੰਗਾਲ) ਵਿਖੇ ਜਾ ਕੇ ਲੋਕ ਅਰਪਣ ਕਰਵਾਇਆ।

ਆਪ ਪ੍ਰੋ. ਮੋਹਨ ਸਿੰਘ ਮੈਮੋਰੀਅਲ ਫਾਉਂਡੇਸ਼ਨ (ਰਜਿ) ਲੁਧਿਆਣਾ ਦੇ ਬਾਨੀਆਂ ਵਿੱਚੋਂ ਇੱਕ ਹਨ। ਇਸ ਸੰਸਥਾ ਦੇ 1978 ਤੋਂ 2014 ਤੱਕ ਇਸ ਦੇ ਪ੍ਰਮੁੱਖ ਅਹੁਦੇਦਾਰ ਰਹੇ ਹੈ। ਉਨ੍ਹਾਂ ਜਗਦੇਵ ਸਿੰਘ ਜੱਸੋਵਾਲ ਜੀ ਨਾਲ ਮਿਲ ਕੇ ਪ੍ਰੋ. ਮੋਹਨ ਸਿੰਘ ਮੇਲੇ ਨੂੰ ਕੌਮਾਂਤਰੀ ਪ੍ਰਸਿੱਧੀ ਤੱਕ ਪਹੁੰਚਾਇਆ। ਇਸ ਵਕਤ ਉਹ ਇਸ ਦੇ ਸਰਪ੍ਰਸਤ ਹਨ। ਪੇਂਡੂ ਖੇਡਾਂ ਦੀ ਉਲੰਪਿਕਸ ਕਿਲ੍ਹਾ ਰਾਏਪੁਰ, ਗੁੱਜਰਵਾਲ (ਲੁਧਿਆਣਾ) ਦੇ ਲੰਮਾ ਸਮਾਂ ਮੀਡੀਆ ਸਲਾਹਕਾਰ, ਬਟਾਲਾ ਨੇੜੇ ਪਿੰਡ ਕੋਟਲਾ ਸ਼ਾਹੀਆ (ਗੁਰਦਾਸਪੁਰ) ਵਿੱਚ ਹੁੰਦੀਆਂ ਮਾਝੇ ਦੀਆਂ ਪ੍ਰਸਿੱਧ ਅਤੇ ਓਲੰਪਿਕ ਚਾਰਟਰ ਦੀਆਂ ਖੇਡਾਂ ਕਮਲਜੀਤ ਖੇਡਾਂ ਕਰਵਾਉਂਦੀ ਸੰਸਥਾ ਸੁਰਜੀਤ ਸਪੋਰਟਸ ਅਸੋਸੀਏਸ਼ਨ ਦੇ ਚੇਅਰਮੈਨ ਵਜੋਂ ਵੀ ਉਹ ਸੇਵਾ ਕਰ ਰਹੇ ਹਨ।

ਗੁਰਭਜਨ ਗਿੱਲ ਮਹਾਰਾਜਾ ਦਲੀਪ ਸਿੰਘ ਮੈਮੋਰੀਅਲ ਟਰਸਟ ਰਾਏਕੋਟ-ਬੱਸੀਆਂ (ਲੁਧਿਆਣਾ) ਦੇ ਬਾਨੀ ਚੇਅਰਮੈਨ ਵਜੋਂ 2012 ਤੋਂ ਹੁਣ ਤੱਕ ਕਾਰਜਸ਼ੀਲ ਹਨ। ਇਸ ਟਰਸਟ ਦੀ ਦੇਖ ਰੇਖ ਹੇਠ ਹੀ ਪੰਜਾਬ ਸਰਕਾਰ ਨੇ 5 ਕਰੋੜ 80 ਲੱਖ ਦੀ ਲਾਗਤ ਨਾਲ ਬੱਸੀਆਂ (ਨੇੜੇ ਰਾਏਕੋਟ) ਵਿਖੇ ਪੰਜਾਬ ਦੇ ਆਖ਼ਰੀ ਪ੍ਰਭੂਸੱਤਾ ਸੰਪੰਨ ਮਹਾਰਾਜਾ ਦਲੀਪ ਸਿੰਘ ਦੀ ਯਾਦਗਾਰ ਨਵਿਆਈ ਹੈ। ਮਹਾਰਾਜਾ ਦਲੀਪ ਸਿੰਘ ਨੇ ਜਲਾਵਤਨੀ ਤੋਂ ਪਹਿਲਾਂ ਆਜ਼ਾਦ ਪੰਜਾਬ ਵਿੱਚ ਆਖ਼ਰੀ ਰਾਤ ਉਨ੍ਹਾਂ ਇੱਥੇ ਹੀ ਕੱਟੀ ਸੀ। ਉਨ੍ਹਾਂ ਦੀ ਯਾਦਗਾਰ ਇਸ ਵੇਲੇ ਮਾਲਵੇ ਦੇ ਪ੍ਰਸਿੱਧ ਯਾਤਰਾ ਸਥਾਨ ਵਜੋਂ ਪ੍ਰਸਿੱਧ ਹੋ ਚੁੱਕੀ ਹੈ। ਉਹ ਲੋਕ ਵਿਰਾਸਤ ਅਕੈਡਮੀ ਲੁਧਿਆਣਾ ਦੇ ਬਾਨੀ ਚੇਅਰਮੈਨ, ਸਰਦਾਰ ਸੋਭਾ ਸਿੰਘ ਮੈਮੋਰੀਅਲ ਫਾਊਂਡੇਸ਼ਨ ਸ੍ਰੀ ਹਰਗੋਬਿੰਦਪੁਰ ਦੇ ਚੇਅਰਮੈਨ, ਸੱਭਿਆਚਾਰਕ ਸੱਥ ਪੰਜਾਬ ਦੇ ਸਰਪ੍ਰਸਤ ਤੋਂ ਇਲਾਵਾ 2015 ਤੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਫ਼ੈਲੋ ਹਨ।

ਗੁਰਭਜਨ ਗਿੱਲ 1976 ਵਿੱਚ ਗੁਰੂ ਨਾਨਕ ਨੈਸ਼ਨਲ ਕਾਲਿਜ ਦੋਰਾਹਾ ਵਿੱਚ ਪਹਿਲੀ ਵਾਰ ਪੜ੍ਹਾਉਣ ਲੱਗੇ। ਅਗਸਤ 1977 ਤੋਂ ਅਪ੍ਰੈਲ 1983 ਤੱਕ ਲਾਜਪਤ ਰਾਏ ਮੈਮੋਰੀਅਲ ਕਾਲਿਜ ਜਗਰਾਉਂ (ਲੁਧਿਆਣਾ) ਵਿੱਚ ਵੀ ਪੜ੍ਹਾਇਆ। ਪ੍ਰੋ. ਗੁਰਭਜਨ ਗਿੱਲ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ 30 ਅਪ੍ਰੈਲ 1983 ਤੋਂ 31 ਮਈ 2013 ਤੱਕ ਤੀਹ ਸਾਲ ਅਧਿਆਪਕ ਰਹੇ। ਇਥੋਂ ਸੇਵਾਮੁਕਤ ਹੋ ਕੇ ਉਹ ਕੁਝ ਸਮਾਂ ਮਾਲਵੇ ਦੇ ਧੁਰ ਅੰਦਰ ਬਠਿੰਡਾ ਜ਼ਿਲ੍ਹੇ ਵਿੱਚ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਦੇ ਡਾਇਰੈਕਟਰ (ਯੋਜਨਾ ਤੇ ਵਿਕਾਸ) ਰਹੇ।

ਗੁਰਭਜਨ ਗਿੱਲ ਦੀ ਪਹਿਲੀ ਪੁਸਤਕ ਕਾਵਿ **'ਸ਼ੀਸ਼ਾ ਝੂਠ ਬੋਲਦਾ ਹੈ'** 1978 ਵਿੱਚ ਪ੍ਰਕਾਸ਼ਿਤ ਹੋਈ। ਪਿਛਲੇ ਸਾਲ ਛਪੀ **'ਤਾਰਿਆਂ ਦੀ ਗੁਜ਼ਰਗਾਹ'** ਉਨ੍ਹਾਂ ਦੀ ਸੋਲ੍ਹਵੀਂ ਕਾਵਿ ਪੁਸਤਕ ਹੈ। ਉਨ੍ਹਾਂ ਦੀਆਂ ਛੇ ਪੁਸਤਕਾਂ **ਖ਼ੈਰ ਪੰਜਾਂ ਪਾਣੀਆਂ ਦੀ, ਰਾਵੀ, ਸੁਰਤਾਲ, ਗੁਲਨਾਰ, ਮਿਰਗਾਵਲੀ, ਮੇਰੇ ਪੰਜ ਦਰਿਆ** ਸ਼ਾਹਮੁਖੀ ਵਿੱਚ ਵੀ ਲਿਪੀਅੰਤਰ ਹੋ ਕੇ ਵੀ ਛਪੀਆਂ ਹਨ ਜਿਸ ਕਾਰਨ ਉਨ੍ਹਾਂ ਦੀ

ਮਕਬੂਲੀਅਤ ਰਾਵੀ ਦਰਿਆ ਦੇ ਦੋਵੇਂ ਪਾਸੇ ਇਕੋ-ਜਿਹੀ ਹੈ। ਇਸ ਤੋਂ ਇਲਾਵਾ ਉਨ੍ਹਾਂ ਦੀਆਂ ਲਿਖਤਾਂ ਦੀਆਂ ਵੱਖ ਵੱਖ ਸੰਪਾਦਕਾਂ ਨੇ ਸੱਤ ਕਾਵਿ ਪੁਸਤਕਾਂ ਵੀ ਸੰਪਾਦਿਤ ਕੀਤੀਆਂ। ਹਾਲ ਹੀ ਵਿੱਚ ਉਨ੍ਹਾਂ ਨੇ ਡਾ. ਆਤਮਜੀਤ ਨਾਲ ਮਿਲ ਕੇ **'ਪੰਜਾਬੀ ਬੋਲੀ- ਰਮਜ਼ਾਂ, ਰੁਕਾਵਟਾਂ ਤੇ ਰਾਹ'** ਪੁਸਤਕ ਸੰਪਾਦਿਤ ਕੀਤੀ ਹੈ ਜਿਸ ਨੂੰ ਵਿਸ਼ਵ ਪੰਜਾਬੀ ਸਭਾ ਟੋਰੰਟੋ ਨੇ ਛਾਪਿਆ ਹੈ। ਉਨ੍ਹਾਂ ਦੀ ਕਵਿਤਾ ਬਾਰੇ ਚਾਰ ਖੋਜਾਰਥੀ ਵੱਖ-ਵੱਖ ਯੂਨੀਵਰਸਿਟੀਆਂ ਸੋਂ ਡਾਕਟਰੇਟ ਦੀ ਡਿਗਰੀ ਹਾਸਲ ਕਰ ਚੁਕੇ ਹਨ।

ਉਨਾਂ ਦੀਆਂ ਸਾਹਿੱਤ ਰਚਨਾਵਾਂ ਇਹ ਹਨ : **ਸ਼ੀਸ਼ਾ ਝੂਠ ਬੋਲਦਾ ਹੈ** (ਕਾਵਿ ਸੰਗ੍ਰਹਿ), **ਹਰ ਧੁਖਦਾ ਪਿੰਡ ਮੇਰਾ ਹੈ** (ਗਜ਼ਲ ਸੰਗ੍ਰਹਿ), **ਬੋਲ ਮਿੱਟੀ ਦਿਆ ਬਾਵਿਆ** (ਕਾਵਿ ਸੰਗ੍ਰਹਿ), **ਸੁਰਖ਼ ਸਮੁੰਦਰ** (ਕਾਵਿ ਸੰਗ੍ਰਹਿ), **ਦੋ ਹਰਫ਼ ਰਸੀਦੀ** (ਗਜ਼ਲ ਸੰਗ੍ਰਹਿ), **ਅਗਨ ਕਥਾ** (ਕਾਵਿ ਸੰਗ੍ਰਹਿ), **ਮਨ ਦੇ ਬੂਹੇ ਬਾਰੀਆਂ** (ਗ਼ਜ਼ਲ ਸੰਗ੍ਰਹਿ), **ਧਰਤੀ ਨਾਦ** (ਕਾਵਿ ਸੰਗ੍ਰਹਿ), **ਖ਼ੈਰ ਪੰਜਾਂ ਪਾਣੀਆਂ ਦੀ** (ਹਿੰਦ ਪਾਕ ਰਿਸ਼ਤਿਆਂ ਤੇ ਪੰਜਾਬੀਅਤ ਬਾਰੇ ਕਵਿਤਾਵਾਂ), **ਫੁੱਲਾਂ ਦੀ ਝਾਂਜਰ** (ਗੀਤ ਸੰਗ੍ਰਹਿ), **ਪਾਰਦਰਸ਼ੀ** (ਕਾਵਿ ਸੰਗ੍ਰਹਿ), **ਮੋਰਪੰਖ** (ਗ਼ਜ਼ਲ ਸੰਗ੍ਰਹਿ), **ਮਨ ਤੰਦੂਰ** (ਕਾਵਿ ਸੰਗ੍ਰਹਿ), **ਤਾਰਿਆਂ ਦੇ ਨਾਲ ਗੱਲਾਂ ਕਰਦਿਆਂ** (ਸੁਲੱਖਣ ਸਿੰਘ ਸਰਹੱਦੀ ਵੱਲੋਂ ਸੰਪਾਦਿਤ ਗ਼ਜ਼ਲ ਸੰਗ੍ਰਹਿ), **ਗੁਲਨਾਰ** (ਗ਼ਜ਼ਲ ਸੰਗ੍ਰਹਿ), **ਮਨ ਪਰਦੇਸੀ** (ਗ਼ਜ਼ਲ ਸੰਗ੍ਰਹਿ), **ਮਿਰਗਾਵਲੀ** (ਗ਼ਜ਼ਲ ਸੰਗ੍ਰਹਿ), **ਰਾਵੀ** (ਗ਼ਜ਼ਲ ਸੰਗ੍ਰਹਿ), **ਸੁਰਤਾਲ** (ਗ਼ਜ਼ਲ ਸੰਗ੍ਰਹਿ), **ਚਰਖ਼ੜੀ** (ਕਵਿਤਾਵਾਂ), **ਪਿੱਪਲ ਪੱਤੀਆਂ** (ਗੀਤ ਸੰਗ੍ਰਹਿ), **ਜਲ ਕਣ** (ਰੁਬਾਈਆਂ), **ਪੱਤੇ ਪੱਤੇ ਲਿਖੀ ਇਬਾਰਤ**, (ਕੁਦਰਤ ਬਾਰੇ 103 ਰੁਬਾਈਆਂ, ਤੇਜ ਪ੍ਰਤਾਪ ਸਿੰਘ ਸੰਧੂ ਦੇ ਫੋਟੋ ਚਿਤਰਾਂ ਸਮੇਤ (ਕੌਫੀ ਟੇਬਲ ਕਿਤਾਬ) **ਜ਼ੇਵਰ** (ਗ਼ਜ਼ਲ ਸੰਗ੍ਰਹਿ) ਤੇ ਵਿਰਾਸਤ ਤੇ ਸੰਘਰਸ਼ ਬਾਰੇ ਕਾਵਿ ਪੁਸਤਕ **"ਤਾਰਿਆਂ ਦੀ ਗੁਜ਼ਰਗਾਹ"** ਛਪ ਚੁਕੀਆਂ ਹਨ।

1973 ਤੋਂ 2023 ਵਿਚਕਾਰ ਉਨ੍ਹਾਂ ਵੱਲੋਂ ਲਿਖੇ ਅੱਠ ਗ਼ਜ਼ਲ ਸੰਗ੍ਰਹਿਆਂ ਨੂੰ ਇੱਕ ਜਿਲਦ ਵਿੱਚ **"ਅੱਖਰ ਅੱਖਰ"** ਨਾਮ ਹੇਠ 2023 ਤੇ 2024 ਵਿੱਚ ਦੋ ਐਡੀਸ਼ਨ ਪ੍ਰਕਾਸ਼ਤ ਹੋਏ ਹਨ। ਗੁਰਭਜਨ ਗਿੱਲ ਜੀ ਨੇ 2025 ਤੱਕ ਲਿਖੀਆਂ ਸਮੂਹ ਕਵਿਤਾਵਾਂ, ਗੀਤਾਂ ਤੇ ਰੁਬਾਈਆਂ ਨੂੰ ਵੀ **"ਸ਼ਬਦ ਸ਼ਬਦ"** ਨਾਮ ਹੇਠ ਵੀ ਸੰਗ੍ਰਹਿਤ ਕੀਤਾ ਗਿਆ ਹੈ। ਵਾਤਾਵਰਣ ਬਾਰੇ ਇਕਲੌਤੀ ਵਾਰਤਕ ਪੁਸਤਕ **"ਕੈਮਰੇ ਦੀ ਅੱਖ ਬੋਲਦੀ"** 1999 ਚ ਛਪੀ ਸੀ ਜੋ ਵਿਸ਼ਵ ਪ੍ਰਸਿੱਧ ਫੋਟੋ ਕਲਾਕਾਰ ਸ: ਤੇਜ ਪ੍ਰਤਾਪ ਸਿੰਘ ਸੰਧੂ ਜੀ ਦੇ ਫੋਟੋ ਚਿਤਰਾਂ ਨਾਲ ਸੁਸੱਜਿਤ ਹੈ ।

ਉਨ੍ਹਾਂ ਦੀਆਂ ਸੰਪਾਦਤ ਮਹੱਤਵ ਪੂਰਨ ਪੁਸਤਕਾਂ : **ਧਰਤਿ ਵੰਗਾਰੇ ਤਖ਼ਤ ਨੂੰ** (ਕਿਸਾਨ ਸੰਘਰਸ਼ ਬਾਰੇ ਕਵਿਤਾਵਾਂ), **ਸੂਰਜ ਦੀ ਲਿਸ਼ਕੋਰ** (ਲੋਕ ਕਵੀ ਪ੍ਰੀਤਮ ਦਾਸ ਠਾਕੁਰ ਦੀ ਚੋਣਵੀਂ ਸ਼ਾਇਰੀ), **ਮਹਿਕ ਪੰਜਾਬ ਦੀ** (ਲੋਕ ਕਵੀ ਕਰਤਾਰ ਸਿੰਘ ਕਵੀ ਦੀ ਕਾਵਿ ਰਚਨਾ ਪੀ ਏ ਯੂ ਲੁਧਿਆਣਾ ਵੱਲੋਂ ਪ੍ਰਕਾਸ਼ਿਤ) **ਸ. ਸੋਭਾ ਸਿੰਘ ਸਿਮਰਤੀ ਗ੍ਰੰਥ** (ਪੁਰਦਮਨ ਸਿੰਘ ਬੇਦੀ ਨਾਲ ਸਹਿ-ਸੰਪਾਦਨ), ਅਤੇ ਪੰਜਾਬ ਖੇਤੀ ਯੂਨੀਵਰਸਿਟੀ ਲੁਧਿਆਣਾ ਲਈ 60 ਤੋਂ ਵੱਧ ਵਿਗਿਆਨਕ ਪੁਸਤਕਾਂ ਸੰਪਾਦਿਤ ਕੀਤੀਆਂ ਹਨ।

ਪ੍ਰੋ. ਗੁਰਭਜਨ ਗਿੱਲ ਜੀ ਦੀ ਸ਼ਾਇਰੀ ਕੁਦਰਤ, ਇਤਿਹਾਸਕ ਪ੍ਰਸੰਗਾਂ, ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਤਰਜ਼ਮਾਨੀ ਕਰਦੀ ਹੋਈ ਸਮਾਜਿਕ ਸਰੋਕਾਰਾਂ ਦੇ ਬਹੁਤ ਨੇੜੇ ਹੈ। ਸੂਚਨਾ ਤਕਨਾਲੋਜੀ ਦੇ ਦੌਰ ਵਿੱਚ ਗੁਰਭਜਨ ਗਿੱਲ ਉਹ ਸ਼ਾਹ ਅਸਵਾਰ ਹੈ ਜਿਸ ਕੋਲ ਹਰ ਵਿਸ਼ੇ ਦੀ ਹਰ ਜਾਣਕਾਰੀ ਲਈ ਜਾ ਸਕਦੀ ਹੈ ਅਤੇ ਉਸ ਦੇ ਦਾਇਰੇ ਵਾਲੇ ਲੋਕ 'ਗੂਗਲ' ਨਾਲੋਂ 'ਗਿੱਲ' ਉਪਰ ਜ਼ਿਆਦਾ ਯਕੀਨ ਕਰਦੇ ਹਨ।

ਉਨ੍ਹਾਂ ਦੋ ਗੀਤ ਸੰਗ੍ਰਹਿ **"ਫੁੱਲਾਂ ਦੀ ਝਾਂਜਰ"** ਤੇ **"ਪਿੱਪਲ ਪੱਤੀਆਂ"** ਵੀ ਲਿਖੇ ਜਿਸ ਵਿੱਚੋਂ ਕਦੀ


ਯਾਕੂਬ, ਪੰਮੀ ਬਾਈ, ਕੁਦਰਤ ਸਿੰਘ, ਅਮਰੀਕ ਸਿੰਘ, ਗਾਜ਼ੀ ਨੰਗਲ, ਢਾਡੀ ਤਰਲੋਚਨ ਸਿੰਘ ਭਮੱਦੀ, ਢਾਡੀ ਰਛਪਾਲ ਸਿੰਘ ਪਮਾਲ, ਢਾਡੀ ਸਰੂਪ ਸਿੰਘ ਕਡਿਆਣਾ, ਗੀਤ ਵੀ ਲਿਖੇ ਜਿਹੜੇ ਨਾਮੀਂ ਗਾਇਕਾਂ ਨੇ ਸੁਰਬੱਧ ਕੀਤੇ। ਇਨ੍ਹਾਂ ਗਾਇਕਾਂ ਵਿੱਚ ਸੁਰਿੰਦਰ ਛਿੰਦਾ, ਨਰਿੰਦਰ ਬੀਬਾ, ਜਗਮੋਹਨ ਕੌਰ, ਅਮਰਜੀਤ ਗੁਰਦਾਸਪੁਰੀ, ਹੰਸ ਰਾਜ ਹੰਸ, ਕੁਲਦੀਪ ਪਾਰਸ, ਲਾਭ ਜੰਜੂਆ, ਹਰਭਜਨ ਮਾਨ, ਜਸਵੀਰ ਜੱਸੀ, ਸਾਬਰ ਕੋਟੀ, ਰਾਜ ਕਾਕੜਾ, ਹਰਦਿਆਲ ਪਰਵਾਨਾ, ਸੁਰਜੀਤ ਮਾਧੋਪੁਰੀ, ਪ੍ਰੀਤਮ ਸੋਹੀ, ਵਿਜੇ ਯਮਲਾ ਜੱਟ, ਜਸਦੇਵ ਯਮਲਾ ਜੱਟ, ਡਾ.ਸੁਖਨੈਨ, ਅਕਬਰ ਅਲੀ ਜੋਧਾਂ, ਸ਼ੀਰਾ ਜਸਵੀਰ, ਹਰਿੰਦਰ ਸੋਹਲ, ਹੈਪੀ ਜੌੜਾ, ਰਣਜੀਤ ਬਾਵਾ ਆਦਿ ਸ਼ਾਮਲ ਹੈ। ਅਣਜੰਮੀ ਧੀ ਦੀ ਗਾਥਾ ਸੁਣਾਉਂਦੀ ਕਵਿਤਾ 'ਲੋਰੀ' ਨੇ ਗੁਰਭਜਨ ਗਿੱਲ ਨੂੰ ਸਮਾਜ ਵਿੱਚ ਸਭ ਤੋਂ ਸਨਮਾਨ ਦਿਵਾਇਆ ਹੈ ਜਿੱਥੇ ਉਨ੍ਹਾਂ ਭਰੂਣ ਹੱਤਿਆ ਜਿਹੀ ਲਾਹਨਤ ਨੂੰ ਆਪਣੇ ਸ਼ਬਦਾਂ ਨਾਲ ਬਿਆਨ ਕੀਤਾ ਹੈ।

ਮਾਣ-ਸਨਮਾਨਾਂ ਦੀ ਗੱਲ ਕਰੀਏ ਤਾਂ ਇਸੇ ਸਾਲ ਹੀ ਪੰਜਾਬ ਕਲਾ ਪਰਿਸ਼ਦ ਵੱਲੋਂ ਉਨ੍ਹਾਂ ਨੂੰ **ਪੰਜਾਬ ਗੌਰਵ** ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਦਾ **ਸ਼੍ਰੋਮਣੀ ਪੰਜਾਬੀ ਕਵੀ ਪੁਰਸਕਾਰ** 2014 ਵਿੱਚ ਮਿਲਿਆ। ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਵਿਸ਼ੇਸ ਸਨਮਾਨ, ਬਾਬਾ ਫ਼ਰੀਦ ਮੇਲੇ ਦੌਰਾਨ **ਸ਼ੇਖ ਫਰੀਦ ਪੁਰਸਕਾਰ** ਮਿਲਿਆ ਹੈ। ਪੰਜਾਬੀ ਸਾਹਿਤ ਅਕਾਡਮੀ ਨੇ ਉਮਰ ਭਰ ਦੀਆਂ ਸੇਵਾਵਾਂ ਬਦਲੇ **'ਫੈਲੋਸ਼ਿਪ'** ਅਤੇ **ਹਰਿਭਜਨ ਹਲਵਾਰਵੀ ਯਾਦਗਾਰੀ ਪੁਰਸਕਾਰ** ਨਾਲ ਸਨਮਾਨਤ ਕੀਤਾ। ਇਸ ਤੋਂ ਇਲਾਵਾ **ਜਥੇਦਾਰ ਗੁਰਚਰਨ ਸਿੰਘ ਟੌਹੜਾ ਯਾਦਗਾਰੀ ਪੁਰਸਕਾਰ, ਬਲਵਿੰਦਰ ਰਿਸ਼ੀ ਮੈਮੋਰੀਅਲ ਗ਼ਜ਼ਲ ਐਵਾਰਡ, ਸੁਰਜੀਤ ਰਾਮਪੁਰੀ ਐਵਾਰਡ, ਪ੍ਰਿੰਸੀਪਲ ਸੰਤ ਸਿੰਘ ਸੇਖੋਂ ਮੈਮੋਰੀਅਲ ਗੋਲਡ ਮੈਡਲ, ਸਫ਼ਦਰ ਹਾਸ਼ਮੀ ਲਿਟਰੇਰੀ ਐਵਾਰਡ, ਐਸ.ਐਸ.ਮੀਸ਼ਾ ਐਵਾਰਡ, ਗਿਆਨੀ ਸੁੰਦਰ ਸਿੰਘ ਐਵਾਰਡ, ਪ੍ਰੋ. ਪੂਰਨ ਸਿੰਘ ਐਵਾਰਡ, ਬਾਵਾ ਬਲਵੰਤ ਐਵਾਰਡ, ਸ਼ਿਵ ਕੁਮਾਰ ਬਟਾਲਵੀ ਐਵਾਰਡ** ਅਤੇ **'ਭਾਈ ਵੀਰ ਸਿੰਘ ਐਵਾਰਡ'** ਵੀ ਮਿਲਿਆ।

2013 ਵਿੱਚ ਸੇਵਾਮੁਕਤੀ ਉਪਰੰਤ ਉਹ ਕੁਲਵਕਤੀ ਸਾਹਿਤ, ਸਮਾਜ, ਸੱਭਿਆਚਾਰ ਨੂੰ ਸਮਰਪਿਤ ਹਨ ਅਤੇ ਉਹ ਇਸ ਵੇਲੇ ਆਪਣੀ ਜੀਵਨ ਸਾਥਣ ਜਸਵਿੰਦਰ ਕੌਰ ਗਿੱਲ, ਸਪੁੱਤਰ ਪੁਨੀਤਪਾਲ ਸਿੰਘ ਗਿੱਲ, ਨੂੰਹ ਰਵਨੀਤ ਕੌਰ ਤੇ ਪੋਤਰੀ ਅਸੀਸ ਕੌਰ ਗਿੱਲ ਸਮੇਤ 113 ਐੱਫ, ਸ਼ਹੀਦ ਭਗਤ ਸਿੰਘ ਨਗਰ, ਪੱਖੋਵਾਲ ਰੋਡ ਲੁਧਿਆਣਾ ਵਿਖੇ ਰਹਿੰਦੇ ਹਨ ਜਿੱਥੇ ਉਨ੍ਹਾਂ ਦਾ ਘਰ ਕਲਾਕਾਰਾਂ, ਫ਼ਨਕਾਰਾਂ, ਸਾਹਿਤਕਾਰਾਂ ਤੇ ਮੀਡੀਆ ਕਰਮੀਆਂ ਲਈ ਹਰ ਸਮੇਂ ਖੁੱਲ੍ਹਾ ਹੈ ਅਤੇ ਉਨ੍ਹਾਂ ਦੇ ਘਰ ਜੁੜਦੀ ਸੰਗਤ ਵਿੱਚ ਮਹਿਮਾਨ ਗਿੱਲ ਪਰਿਵਾਰ ਦੀ ਮਹਿਮਾਨ ਨਵਾਜ਼ੀ ਅਤੇ ਸੰਗਤ ਦਾ ਨਿੱਘ ਮਾਣਦੀਆਂ ਹਨ।

***ਨਵਦੀਪ ਸਿੰਘ ਗਿੱਲ***

*ਚੰਡੀਗੜ੍ਹ*







ISBN : 978-93-5231-280-1

9 789352 312801

Price: Rs. 200/-

ਪੰਜਾਬੀ ਲੋਕ ਵਿਰਾਸਤ ਅਕਾਦਮੀ
ਲੁਧਿਆਣਾ